ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/05 ਮਈ 2017 – ਨਾਨਕਸ਼ਾਹੀ ਚੇਤ 549

## ਇਤਿਹਾਸਿਕ ਦਿਹਾੜੇ

### ਮਈ ਅਤੇ ਜੂਨ 2017

| | |
|---|---|
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਮਰਦਾਸ ਜੀ | 9 ਮਈ |
| ਛੋਟਾ ਘੱਲੂਘਾਰਾ (ਕਾਹਨੂੰਵਾਲ) | 16 ਮਈ |
| ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 19 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 29 ਮਈ |
| ਜਨਮ ਭਗਤ ਕਬੀਰ ਜੀ | 9 ਜੂਨ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 10 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ | 25 ਜੂਨ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਹਰਿ ਜੇਠਿ ਜੁੜੰਦਾ ਲੋੜੀਐ ...॥ (ਜੀਵਨ-ਜੁਗਤਿ)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥- ਅੰਗ ੧੩੪

ਪਦ ਅਰਥ :- ਜੇਠਿ-ਜੇਠ ਵਿਚ। ਹਰਿ ਜੁਵੰਦਾ ਲੋੜੀਐ-ਪ੍ਰਭੂ ਚਰਨਾਂ ਵਿਚ ਜੁੜਨਾ ਚਾਹੀਦਾ ਹੈ। ਸਭਿ-ਸਾਰੇ ਜੀਵ। ਨਿਵੰਨਿ-ਨਿਊਂਦੇ ਹਨ। ਸਜਣ ਦਾਵਣਿ-ਸੱਜਣ ਦੇ ਦਾਮਨ ਵਿਚ, ਪੱਲੇ ਵਿਚ। ਕਿਸੈ...ਬੰਨਿ-ਕਿਸੈ ਨੂੰ ਬੰਨ੍ਹਣ ਨਹੀਂ ਦੇਂਦਾ, ਕਿਸੇ ਜਮ ਆਦਿਕ ਨੂੰ ਆਗਿਆ ਨਹੀਂ ਦੇਂਦਾ ਕਿ ਉਸ ਜੀਵ ਨੂੰ ਬੰਨ੍ਹ ਕੇ ਅੱਗੇ ਲਾ ਲਏ। ਰੰਗ ਜੇੜੇ-ਜਿਤਨੇ ਭੀ ਰੰਗ ਹਨ।ਨਾਰਾਇਣੈ-ਪਰਮਾਤਮਾ ਦੇ। ਭਾਵੰਨਿ-ਪਿਆਰੇ ਲੱਗਦੇ ਹਨ। ਕਰੰਨਿ-ਕਰਦੇ ਹਨ। ਪ੍ਰਭਿ-ਪ੍ਰਭੂ ਨੇ।ਕਹੀਅਹਿ-ਕਹੇ ਜਾਂਦੇ ਹਨ। ਵਿਛੁੜਿ-ਪ੍ਰਭੂ ਤੋਂ ਵਿਛੁੜ ਕੇ। ਸਾਧੂ ਸੰਗੁ-ਗੁਰੂ ਦਾ ਸਾਥ। ਤਿਸੁ-ਉਸ (ਮਨੁੱਖ) ਨੂੰ। ਜਿਸ ਕੈ ਮਥੰਨਿ-ਜਿਸ ਦੇ ਮੱਥੇ ਉਤੇ।

ਅਰਥ :- ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਂਦੇ ਹਨ, ਜੇਠ ਦੇ ਮਹੀਨੇ ਵਿਚ ਉਸ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ। ਜੋ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦੇਂਦਾ ਕਿ ਬੰਨ੍ਹ ਕੇ ਅੱਗੇ ਲਾ ਲਏ (ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ)। (ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਤੌ ਲਾ ਰਹਿੰਦਾ ਹੈ) ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਕੀਮਤਿ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ। ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤਿ ਨਾਲ) ਉਹ ਸਾਰੇ ਮਨ ਵਿਚ ਪਿਆਰੇ ਲੱਗਦੇ ਹਨ। (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ।

ਜਿੰਨ੍ਹਾਂ ਬੰਦਿਆਂ ਨੂੰ ਪ੍ਰਭੂ ਨੇ (ਆਪਣੀ ਸਿ ਤਿ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਹਨਾਂ ਨੂੰ ਹੀ (ਜਗਤ ਵਿਚ) ਸ਼ਾਬਾਸ਼ੇ ਮਿਲਦੀ ਹੈ। (ਪਰ ਪਰਮਾਤਮਾ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ, ਤਾਂ ਜੀਵ ਉਸ ਤੋਂ ਵਿਛੁੜ ਕੇ ਦੁਖੀ ਕਿਉਂ ਹੋਣ ? ਹੇ ਨਾਨਕ ! (ਪ੍ਰਭੂ ਦੇ ਮਿਲਾਪ ਦੇ) ਆਨੰਦ (ਉਹੀ ਬੰਦੇ) ਮਾਣਦੇ ਹਨ, ਜਿੰਨਾਂ ਨੂੰ ਗੁਰੂ ਦਾ ਸਾਥ ਮਿਲ ਜਾਏ। ਜਿਸ ਮਨੁੱਖ ਦੇ ਮੱਥੇ ਉਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ, ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ।੪।

# ਸ੍ਰੀ ਗੁਰੂ ਅਰਜਨ ਦੇਵ ਜੀ

**ਜਨਮ** :- ਆਪ ਜੀ ਦਾ ਜਨਮ 15 ਅਪ੍ਰੈਲ, ਸੰਨ 1563 ਈ: ਨੂੰ ਸ੍ਰੀ ਗੋਇੰਦਵਾਲ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਸ੍ਰੀ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਸਨ। ਆਪ ਜੀ ਦੀ ਸੁਪਤਨੀ ਦਾ ਨਾਮ ਮਾਤਾ ਗੰਗਾ ਜੀ ਸੀ। ਆਪ ਜੀ ਦੇ ਘਰ ਇੱਕ ਸਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ (ਗੁਰੂ) ਹਰਗੋਬਿੰਦ (ਸਾਹਿਬ ਜੀ) ਰੱਖਿਆ ਗਿਆ।

**ਬਚਪਨ** : ਬਚਪਨ ਤੋਂ ਹੀ ਆਪ ਜੀ ਨੂੰ ਸਿੱਖੀ ਵਾਯੂਮੰਡਲ ਵਿੱਚ ਹਰ ਪ੍ਰਕਾਰ ਦੀ ਧਾਰਮਿਕ ਤੇ ਆਤਮਕ ਸਿੱਖਿਆ ਮਿਲ ਰਹੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਹੋਣਹਾਰ ਬਾਲਕ ਦੀਆਂ ਗੱਲਾਂ ਤੇ ਖੇਡਾਂ ਦੇਖਕੇ ਪਛਾਣ ਲਿਆ ਸੀ ਕਿ ਇਹ 'ਕੋਈ ਵੱਡਾ ਪੁਰਖ ਹੈ ਭਾਰੀ'। ਇਕ ਹੋਰ ਕਥਨ ਅਨੁਸਾਰ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਕਾ ਬੋਹਿਥਾ' ਦੀ ਭਵਿੱਖਤ ਬਾਣੀ ਵੀ ਕੀਤੀ।

**ਵਿੱਦਿਆ** :- ਗੁਰਮੁਖੀ ਅੱਖਰ ਆਪੂੰ ਗੁਰੂ ਅਮਰ ਦਾਸ ਜੀ ਨੇ ਸਿਖਾਏ। ਦੇਖ-ਰੇਖ ਬਾਬਾ ਬੁੱਢਾ ਜੀ ਕਰ ਰਹੇ ਸਨ। ਮੋਹਰੀ ਜੀ ਨੇ ਗਣਿਤ ਵਿਦਿਆ ਸਿਖਲਾਈ। ਦੇਵ ਨਾਗਰੀ ਪਿੰਡ ਦੀ ਪਾਠਸ਼ਾਲਾ ਤੋਂ ਸਿੱਖੀ। ਸੰਸਕ੍ਰਿਤ ਦਾ ਗਿਆਨ ਪੰਡਿਤ ਬੇਣੀ ਕੋਲੋਂ ਸਿੱਖਿਆ। ਗੁਰੂ ਅਰਜਨ ਦੇਵ ਜੀ ਨੇ ਹਰ ਵਿਦਿਆ ਵਿੱਚ ਮੁਹਾਰਤ ਹਾਸਲ ਕਰ ਲਈ ਸੀ। ਆਪ ਜੀ ਨੇ ਚਿੱਤਰਕਾਰੀ ਵੀ ਸਿੱਖ ਲਈ ਸੀ ਅਤੇ ਉਸਾਰੀ ਤੇ ਸ਼ਿਲਪ ਕਲਾ ਵਿੱਚ ਵੀ ਨਿਪੁੰਨ ਹੋ ਗਏ ਸਨ। ਹਰਿਮੰਦਰ ਸਾਹਿਬ, ਤਰਨਤਾਰਨ, ਡੱਬੀ ਬਾਜ਼ਾਰ ਲਾਹੌਰ, ਬਾਉਲੀ ਸਾਹਿਬ ਤੇ ਦੀਵਾਨ ਖ਼ਾਨਾ, ਕਰਤਾਰਪੁਰ (ਜ਼ਿਲ੍ਹਾ ਜਲੰਧਰ) ਦਾ ਸ਼ੀਸ਼ ਮਹੱਲ ਅਤੇ ਉਨ੍ਹਾਂ ਦੁਆਰਾ ਲਗਾਏ ਬਾਗ ਢੁੱਕਵੀਆਂ ਉਦਾਹਰਣਾਂ ਹਨ। ਘੋੜ ਸਵਾਰੀ ਦੇ ਆਪ ਜੀ ਮਾਹਿਰ ਸਨ। ਨੇਜ਼ਾ ਬਾਜ਼ੀ ਉਨ੍ਹਾਂ ਵਰਗੀ ਕੋਈ ਜਾਣਦਾ ਨਹੀਂ ਸੀ। ਸੇਵਾ ਵਿੱਚ ਜੁੱਟੇ ਰਹਿੰਦੇ ਸਨ।

**ਅੰਮ੍ਰਿਤਸਰ ਵਿੱਚ** : (ਗੁਰੂ) ਅਰਜਨ ਦੇਵ ਜੀ ਗੁਰਬਾਣੀ ਤੇ ਪ੍ਰਚਾਰ ਵੱਲ ਬਹੁਤ ਧਿਆਨ ਦੇਂਦੇ ਸਨ। ਲੰਗਰ ਦੀ ਰਸਦ, ਮਾਇਆ ਤੇ ਮਸੰਦਾਂ ਰਾਹੀਂ ਬਾਹਰੋਂ ਆਈ ਮਾਇਆ ਦਾ ਹਿਸਾਬ ਪ੍ਰਿਥੀ ਚੰਦ ਜੀ ਰੱਖਦੇ ਸਨ। (ਗੁਰੂ) ਅਰਜਨ ਦੇਵ ਜੀ ਸਿਰਫ ਸੇਵਾ ਹੀ ਆਪਣਾ ਮੁੱਖ ਮੰਤਵ ਸਮਝਦੇ ਸਨ। ਮਹਾਂਦੇਵ ਜੀ ਇਨ੍ਹਾਂ ਨੂੰ ਖਲਜਗਣ ਕਹਿੰਦੇ ਸਨ ਤੇ ਸਾਰਾ ਸਮਾਂ (ਅਤੀਤ) ਵੈਰਾਗੀ ਰੂਪ ਵਿੱਚ ਗੁਜ਼ਾਰਦੇ ਸਨ।

**ਗੁਰੂ ਗੱਦੀ ਦੀ ਪ੍ਰਾਪਤੀ** : ਸ੍ਰੀ ਗੁਰੂ ਰਾਮਦਾਸ ਜੀ, ਚੌਥੇ ਗੁਰੂ ਦੁਆਰਾ ਆਪ ਜੀ ਵਿਚਲੇ ਗੁਣਾਂ, ਸੇਵਾ-ਸੰਪੰਨਤਾ, ਤਿਆਗ, ਦਲੇਰੀ, ਗਿਆਨ ਅਤੇ ਕੁਰਬਾਨੀ ਦੇ ਜਜ਼ਬਿਆਂ ਅਤੇ ਗੁਰਗੱਦੀ ਸੰਭਾਲਣ ਦੀ ਯੋਗਤਾ ਸਦਕਾ 1 ਸਤੰਬਰ, ਸੰਨ 1581 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ। ਗੁਰੂ ਜੀ ਦੀ ਉਮਰ ਉਸ ਸਮੇਂ 18 ਸਾਲ 4 ਮਹੀਨੇ ਦੀ ਸੀ। ਆਪ ਜੀ ਇਸ ਗੁਰਤਾ ਗੱਦੀ ਤੇ 30 ਮਈ, ਸੰਨ 1606 ਈ: ਤੱਕ ਬਿਰਾਜਮਾਨ ਰਹੇ।

**ਪ੍ਰਿਥੀ ਚੰਦ ਨੇ ਨਾਕਾ-ਬੰਦੀ ਕਰ ਦਿੱਤੀ** : ਪ੍ਰਿਥੀ ਚੰਦ ਨੇ ਗੁਰੂ-ਘਰ ਦੀ ਨਾਕਾ-ਬੰਦੀ ਕਰ ਦਿੱਤੀ। ਪ੍ਰਿਥੀ ਚੰਦ ਤੇ ਉਸ ਦੇ ਹੋਰ ਲਾਗੀਆਂ ਨੇ ਸੱਤੇ ਤੇ ਬਲਵੰਡ ਰਬਾਬੀਆਂ ਨੂੰ ਚੁੱਕ ਚੁਕਾ ਕੀਤਾ ਕਿ "ਤੁਹਾਡੇ ਕਾਰਨ ਹੀ ਤਾਂ ਇਹ ਗੁਰੂ ਬਣਿਆ ਬੈਠਾ ਹੈ।" ਉਨ੍ਹਾਂ ਨੇ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਆਪ ਮਨਾਉਣ ਲਈ ਗਏ ਪਰ ਉਹਨਾਂ ਉਲਟੇ ਪੁਲਟੇ ਬੋਲ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਤੇ ਗੁਰੂ ਸਾਹਿਬ ਦੇ ਵਿਰੁੱਧ ਬੋਲੇ।

ਗੁਰੂ ਜੀ ਨੇ ਸੰਗਤ ਨੂੰ ਖ਼ੁਦ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ ਤੇ ਕਿਹਾ ਕਿ ਸੱਤਾ ਤੇ ਬਲਵੰਡ ਪਾਸੋਂ ਕੋਈ ਕੀਰਤਨ ਨਾ ਸੁਣੇ। ਗੁਰੂ ਜੀ ਨੇ ਆਪ ਸਿਰੰਦਾ ਲੈ ਕੇ ਕੀਰਤਨ ਕਰਨ ਦੀ ਅਗਵਾਈ ਕੀਤੀ। ਸੱਤੇ ਤੇ ਬਲਵੰਡ ਨੂੰ ਜਦੋਂ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਭਾਈ ਲੱਧਾ ਪਰਉਪਕਾਰੀ ਗੁਰੂ ਜੀ ਪਾਸ ਖਿਮਾਂ ਮੰਗਵਾਉਣ ਲਈ ਲੈ ਕੇ ਆਏ।

**ਭਾਈ ਗੁਰਦਾਸ ਜੀ ਦਾ ਆਉਣਾ** :- ਭਾਈ ਗੁਰਦਾਸ ਜੀ ਆਗਰੇ ਵਿਖੇ ਗਏ ਹੋਏ ਸਨ ਅਤੇ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਸਨ। ਉਹ 1583 ਈਸਵੀ ਦੇ ਆਰੰਭ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖ ਸੰਗਤਾਂ ਸਮੇਤ ਗੁਰ ਦਰਸ਼ਨ ਹਿੱਤ ਪੁੱਜੇ। ਲੰਗਰ ਵਰਤਾਉਣ ਸਮੇਂ ਜਦ ਦੋ ਦੋ ਛੋਲਿਆਂ ਦੇ ਹੀ ਪ੍ਰਸਾਦੇ ਰੱਖੇ ਗਏ ਤਾਂ ਹੈਰਾਨ ਹੋਏ। ਪਹਿਲਾਂ ਉਹ ਗੁਰੂ ਲੰਗਰ ਵਿੱਚ, ਘਿਓ, ਮੈਦਾ, ਨਿੱਤ ਵਰਤਦਾ ਦੇਖਦੇ ਰਹੇ ਸਨ। ਉਨ੍ਹਾਂ ਆਗਿਆ ਲੈ ਕੇ ਲੋਕਾਂ ਵਿੱਚ ਪਈਆਂ ਗਲਤ-ਫਹਿਮੀਆਂ ਨੂੰ ਦੂਰ ਕਰਨਾ ਸ਼ੁਰੂ ਕੀਤਾ। ਉਹ ਹੋਰ ਉੱਘੇ ਸਿੱਖਾਂ ਨੂੰ ਨਾਲ ਲੈ ਅੰਮ੍ਰਿਤਸਰ ਤੋਂ ਬਾਹਰ ਜਾ ਟਿਕੇ ਹਰ ਆਉਣ ਵਾਲੇ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਰੇ ਦੱਸ ਪਾਈ ਅਤੇ ਪ੍ਰਿਥੀ ਚੰਦ ਜੀ ਵਲੋਂ ਗੁਰੂ ਘਰ ਵਿਰੁੱਧ ਸਾਜ਼ਸ਼ਾਂ ਦਾ ਪਾਜ ਉਘਾੜਿਆ।

**ਦਸਵੰਧ ਦੀ ਮਰਿਯਾਦਾ** : ਗੁਰੂ ਘਰ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਅਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖਾਂ ਲਈ ਦਸਵੰਧ ਦੀ ਮਰਿਯਾਦਾ ਬੰਨ੍ਹੀ। ਇਹ ਮਾਇਆ ਉਸ ਸਮੇਂ ਦੇ ਮਸੰਦ ਸੰਗਤਾਂ ਪਾਸੋਂ ਇਕੱਠੀ ਕਰਕੇ, ਗੁਰੂ ਸਾਹਿਬ ਕੋਲ ਪਹੁੰਚਾਉਂਦੇ ਸਨ।

**ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਅੰਮ੍ਰਿਤਸਰ ਦੀ ਉਸਾਰੀ** : ਸੰਨ 1588 ਈਸਵੀ, ਜਨਵਰੀ ਦੀ ਤਿੰਨ (ਮਾਘੀ ਵਾਲੇ ਦਿਨ) ਆਪ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਕੇਂਦਰ ਵਿੱਚ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਉਸ ਦੀ ਨੀਂਹ ਮੁਸਲਮਾਨ ਫਕੀਰ **ਸਾਂਈਂ ਮੀਆਂ ਮੀਰ ਜੀ** ਪਾਸੋਂ ਰਖਵਾਈ। ਸ੍ਰੀ ਹਰਿਮੰਦਰ ਸਾਹਿਬ ਦੇ ਬਣਨ ਨਾਲ ਸਿੱਖੀ ਦਾ ਕੇਂਦਰ ਮਜ਼ਬੂਤ ਹੋ ਗਿਆ। ਇਸ ਅਸਥਾਨ ਨੂੰ ਗੋਲਡਨ ਟੈਂਪਲ ਕਹਿਣਾ ਵੱਡੀ ਭੁੱਲ ਅਤੇ ਅਗਿਆਨਤਾ ਹੈ ਕਿਉਂਕਿ ਇਸ ਦੀ ਮਹਾਨਤਾ ਸੋਨੇ ਕਰਕੇ ਨਹੀਂ ਬਲਕਿ ਹਰਿ (ਪ੍ਰਮਾਤਮਾ) ਦੇ ਨਾਮ ਦੀ ਕੀਰਤੀ ਦੇ ਕੇਂਦਰ ਵਜੋਂ ਹੈ। ਇਸ ਦੇ ਚਾਰ ਦਰਵਾਜ਼ੇ ਚਾਰੇ ਦਿਸ਼ਾਵਾਂ ਨੂੰ ਖੁੱਲ੍ਹਦੇ ਹਨ। ਜਿਸ ਨਾਲ ਪੂਰਬ ਪੱਛਮ ਆਦਿ ਦਿਸ਼ਾਵਾਂ ਦਾ ਝਗੜਾ ਹੀ ਮੁੱਕਾ ਦਿੱਤਾ ਅਤੇ ਇਸ ਨੂੰ ਸਰਬ ਸਾਂਝਾ ਅਤੇ ਸਰਬ ਲੋਕਾਈ ਲਈ ਪਰਮ ਪਵਿੱਤਰ ਅਸਥਾਨ ਬਣਾ ਦਿੱਤਾ।

**ਤਰਨ ਤਾਰਨ ਨਗਰ ਦੀ ਉਸਾਰੀ** : ਉਸ ਇਲਾਕੇ ਵਿੱਚ ਪ੍ਰਚਾਰ ਨ ਹੋਣ ਕਰਕੇ ਮੁਸਲਮਾਨਾਂ ਤੇ ਖਾਸ ਕਰਕੇ ਸਖੀ ਸਰਵਰਾਂ ਦਾ ਪ੍ਰਚਾਰ ਵੱਧ ਰਿਹਾ ਸੀ। ਸਰਵਰੀਆਂ ਦੇ ਕੇਂਦਰ ਦੇ ਨੇੜੇ ਹੀ ਗੁਰੂ ਜੀ ਨੇ ਨਵਾਂ ਨਗਰ ਸੰਨ 1590 ਈਸਵੀ ਵਿੱਚ ਵਸਾਇਆ ਜਿਸ ਦਾ ਨਾਮ ਤਰਨ ਤਾਰਨ ਰੱਖਿਆ ਗਿਆ। ਇਸ ਨਗਰ ਦੇ ਬਣਨ ਨਾਲ ਸਰਵਰੀਆਂ ਦੇ ਪ੍ਰਚਾਰ ਨੂੰ ਬੜੀ ਚੋਟ ਵੱਜੀ। ਸਰਵਰੀਆਂ ਨੇ ਇਲਾਕੇ ਦੇ ਹਾਕਮਾਂ ਨੂੰ ਚੁੱਕਿਆ। ਇਲਾਕੇ ਦੇ ਹਾਕਮ ਨੂਰ ਦੀਨ ਦੇ ਪੁੱਤਰ ਅਮੀਰ ਦੀਨ ਨੇ ਉਹ ਪੱਕੀਆਂ ਇੱਟਾਂ ਜੋ ਤਰਨ ਤਾਰਨ ਸਰੋਵਰ ਲਈ ਆਈਆਂ ਸਨ, ਜ਼ਬਰਦਸਤੀ ਉਠਾ ਕੇ ਆਪਣੀ ਹਵੇਲੀ ਨੂੰ ਲਵਾ ਲਈਆਂ। ਪਰ ਗੁਰੂ ਜੀ ਉਸੇ ਜੋਸ਼ ਤੇ ਉਤਸ਼ਾਹ ਨਾਲ ਕੇਂਦਰ ਨੂੰ ਬਣਾਉਣ ਵੱਲ ਜੁੱਟੇ ਰਹੇ।

ਤਰਨ ਤਾਰਨ ਦੇ ਬਣਾਉਣ ਵੇਲੇ ਗੁਰੂ ਜੀ ਨੇੜੇ ਦੇ ਪਿੰਡਾਂ ਵਿੱਚ ਪ੍ਰਚਾਰ ਹਿੱਤ ਵੀ ਜਾਂਦੇ ਰਹੇ। ਖਡੂਰ, ਗੋਇੰਦਵਾਲ, ਸਰਹਾਲੀ ਤੇ ਖਾਨਪੁਰ ਤੱਕ ਗਏ। ਤਰਨ ਤਾਰਨ ਵਿਖੇ ਹੀ ਪਹਿਲਾ ਕੋਹੜੀ-ਘਰ ਬਣਾਇਆ।

**ਕਰਤਾਰਪੁਰ ਨਗਰ ਵਸਾਉਣਾ** : ਸ੍ਰੀ ਗੁਰੂ ਅਰਜਨ ਦੇਵ ਜੀ ਤਰਨ ਤਾਰਨ ਦੀ ਉਸਾਰੀ ਤੋਂ ਵਿਹਲੇ ਹੋ ਕੇ ਦੁਆਬੇ ਵੱਲ ਗਏ । ਦੁਆਬੇ ਵਿੱਚ ਵਹਿਮ-ਪ੍ਰਸਤੀ ਦਾ ਬਹੁਤ ਜ਼ੋਰ ਸੀ । ਕਹੀਆਂ ਜਾਂਦੀਆਂ ਨੀਵੀਆਂ ਜਾਤਾਂ ਦੇ ਲੋਕਾਂ ਨੇ ਇਸਲਾਮ ਧਰਮ ਨੂੰ ਅਪਣਾ ਲਿਆ ਸੀ, ਕਿਉਂਕਿ ਉਸ ਰਾਹੀਂ ਸਮਾਜ ਵਿੱਚ ਉਨ੍ਹਾਂ ਦੀ ਕਦਰ ਵੱਧਦੀ ਸੀ । ਗੁਰੂ ਜੀ ਨੇ ਉਸ ਪਾਸੇ ਧਿਆਨ ਦਿੱਤਾ ਅਤੇ ਦੁਆਬੇ ਵਿੱਚ ਵੀ ਪ੍ਰਚਾਰ ਕੇਂਦਰ ਬਣਾਉਣ ਦਾ ਫੈਸਲਾ ਕੀਤਾ । ਸੰਨ 1593 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਦੀ ਨੀਂਹ ਰੱਖੀ । ਕਰਤਾਰਪੁਰ ਹੀ ਮਾਤਾ ਗੰਗਾ ਜੀ ਦੇ ਨਾਂ ਦਾ ਖੂਹ ਲਗਵਾਇਆ, ਜਿਸ ਨੂੰ ਗੰਗਸਰ ਕਹਿੰਦੇ ਹਨ । ਇਲਾਕੇ ਦੇ ਇਸ ਪ੍ਰਚਾਰ ਦੌਰੇ ਵਿੱਚ ਭਾਈ ਮੰਝ ਜਿਹਾ ਸਖੀ ਸਰਵਰਾਂ ਦਾ ਜਥੇਦਾਰ ਗੁਰੂ ਜੀ ਦੀ ਸ਼ਰਨ ਵਿੱਚ ਆਇਆ ਤੇ ਸਿੱਖੀ ਦਾ ਤਕੜਾ ਪ੍ਰਚਾਰਕ ਬਣਿਆ ।

**ਗੁਰੂ ਹਰਿਗੋਬਿੰਦ ਜੀ ਦੇ ਨਾਮ ਤੇ ਛੇ-ਹਰਟਾ ਉਸਾਰਨਾ** : ਤਕਰੀਬਨ ਇਕ ਸਾਲ ਦੁਆਬੇ ਵਿੱਚ ਪ੍ਰਚਾਰ ਕਰਕੇ ਗੁਰੂ ਜੀ ਨੇ 1594 ਈਸਵੀ ਨੂੰ ਵਡਾਲੀ ਵੱਲ ਪ੍ਰਚਾਰ ਕਰਨਾ ਸ਼ੁਰੂ ਕੀਤਾ । ਆਪ ਜੀ ਨੇ ਪੱਕਾ ਟਿਕਾਣਾ ਵਡਾਲੀ ਰੱਖਿਆ ਤੇ ਉਥੋਂ ਹੀ ਪ੍ਰਚਾਰ ਕਰਨ ਲਈ ਜਾਂਦੇ ਸਨ । 19 ਜੂਨ, ਸੰਨ 1595 ਈਸਵੀ ਨੂੰ ਹਰਿਗੋਬਿੰਦ ਜੀ ਦਾ ਜਨਮ ਵਡਾਲੀ ਵਿਖੇ ਹੋਇਆ ।

ਇਨ੍ਹਾਂ ਹੀ ਸਾਲਾਂ ਵਿੱਚ ਪੰਜਾਬ ਵਿੱਚ ਇੱਕ ਬਹੁਤ ਵੱਡਾ ਕਾਲ ਪਿਆ । ਬਾਰਸ਼ ਨਾ ਹੋਣ ਕਰਕੇ ਖੇਤੀਆਂ ਮਾਰੀਆਂ ਗਈਆਂ । ਖੂਹ ਵੀ ਬਹੁਤ ਘੱਟ ਸਨ । ਗੁਰੂ ਜੀ ਨੇ ਖੂਹ ਪੁਟਵਾਉਣ ਦੀ ਮੁਹਿੰਮ ਸ਼ੁਰੂ ਕੀਤੀ । ਗੁਰੂ ਜੀ ਨੇ ਵਕਤ ਦੀ ਲੋੜ ਨੂੰ ਮੁੱਖ ਰੱਖ ਕੇ ਇਕ-ਹਰਟੇ ਖੂਹ ਦੀ ਥਾਂ ਦੁ-ਹਰਟੇ, ਚੁ-ਹਰਟੇ ਖੂਹ ਲਵਾਉਣੇ ਸ਼ੁਰੂ ਕੀਤੇ । ਇਸੇ ਤਜ਼ਰਬੇ ਨੂੰ ਕਾਮਯਾਬ ਕਰਨ ਲਈ ਗੁਰੂ ਜੀ ਨੇ ਵਡਾਲੀ ਦੇ ਲਾਗੇ ਪੱਛਮ ਵੱਲ ਛੇ ਹਰਟਾਂ (ਛੇ-ਹਰਟਾ) ਵਾਲਾ ਖੂਹ ਲਵਾਇਆ । ਉਥੇ ਹੁਣ ਇੱਕ ਪ੍ਰਸਿੱਧ ਗੁਰਦੁਆਰਾ ਸਾਹਿਬ ਹੈ ।

**ਲਾਹੌਰ ਵਿੱਚ ਗੁਰਦੁਆਰਾ ਬਾਉਲੀ ਸਾਹਿਬ ਬਣਾਉਣਾ** : ਗੁਰੂ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਲਾਹੌਰ ਦੀ ਹਾਲਤ ਇਸ ਕਾਲ ਕਰਕੇ ਬਹੁਤ ਹੀ ਚਿੰਤਾ-ਜਨਕ ਤੇ ਭਿਆਨਕ ਸ਼ਕਲ ਅਖਤਿਆਰ ਕਰ ਰਹੀ ਹੈ । ਸਮਕਾਲੀ ਇਤਿਹਾਸ ਅਨੁਸਾਰ, "ਭੁੱਖ ਤੇ ਬੀਮਾਰੀਆਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਉਹਨਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ, ਸਾੜਨ ਦਾ ਪ੍ਰਬੰਧ ਵੀ ਨਹੀਂ ਸੀ ।" ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਕਿ ਅਕਬਰ ਨੂੰ ਆਪ ਮੌਕੇ ਉੱਤੇ ਵੀ ਆਉਣਾ ਪਿਆ ।

ਸੰਨ 1597 ਈਸਵੀ ਵਿੱਚ ਗੁਰੂ ਜੀ ਵੀ ਲਾਹੌਰ ਪੁੱਜੇ । ਦਸਵੰਧ ਦੀ ਰਕਮ ਕਾਫੀ ਜਮ੍ਹਾਂ ਹੋ ਗਈ ਸੀ । ਗੁਰੂ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਉਣੀ ਸ਼ੁਰੂ ਕੀਤੀ । ਸਦਾ-ਬਰਤ ਲੰਗਰ ਜਾਰੀ ਕਰ ਦਿੱਤੇ । ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨਾ ਮੰਡੀ ਵਿੱਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ । ਡੱਬੀ ਬਜ਼ਾਰ ਵਿੱਚ ਬਾਉਲੀ ਬਣਾਉਣੀ ਸ਼ੁਰੂ ਕੀਤੀ । ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇਰੁਜ਼ਗਾਰਾਂ ਨੂੰ ਕੰਮ ਮਿਲਣੇ ਸ਼ੁਰੂ ਹੋਏ ਤੇ ਸਿਰ ਛੁਪਾਣ ਵਾਸਤੇ ਥਾਂ ਬਣ ਗਈ ।

ਮੁਰਦੇ ਚੁੱਕਣ, ਸਾੜਨ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ । ਲੋਕੀਂ ਵੇਖ ਕੇ ਵਾਹ-ਵਾਹ ਕਰ ਰਹੇ ਸਨ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਧੁਨੀ ਲਗਾ ਰਹੇ ਸਨ । ਅੱਠ ਮਹੀਨੇ ਆਪ ਲਾਹੌਰ ਹੀ ਰਹੇ ਤੇ ਫਿਰ ਉਸਾਰੀ ਦਾ ਕੰਮ ਸਿੱਖਾਂ ਦੇ ਸਪੁਰਦ ਕਰਕੇ ਪਿੰਡਾਂ ਵਿੱਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਲਈ ਗਏ ।

**ਸ੍ਰੀ ਗੁਰੂ ਗਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨ** : ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ

ਚਾਰ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਰਾਗਾਂ ਅਤੇ ਬਾਣੀਆਂ ਦੀ ਤਰਤੀਬ ਦੇ ਕੇ, ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਬੀੜ ਲਿਖਵਾਈ। ਇਹ ਕਾਰਜ ਗੁਰੂ ਜੀ ਨੇ ਸੰਨ 1601 ਈਸਵੀ ਵਿੱਚ ਸ਼ੁਰੂ ਕੀਤਾ ਜਿਹੜਾ ਸੰਨ 1604 ਈਸਵੀ ਵਿੱਚ ਸੰਪੂਰਨ (ਪੂਰਾ) ਹੋਇਆ। ਇਸੇ ਥਾਂ ਤੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਅੱਜ ਕੱਲ੍ਹ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ (ਬੀੜਾਂ) ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਛਾਪ ਕੇ ਤਿਆਰ ਕੀਤੇ ਜਾਂਦੇ ਹਨ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਪਹਿਲਾਂ ਪੋਥੀ ਸਾਹਿਬ ਕਿਹਾ ਜਾਂਦਾ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅਮ੍ਰਿਤਸਰ ਸਾਹਿਬ ਵਿਖੇ ਪੋਥੀ ਸਾਹਿਬ (ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ) ਦਾ ਪਹਿਲ ਪ੍ਰਕਾਸ਼ 1 ਸਤੰਬਰ, ਸੰਨ 1604 ਈਸਵੀ ਨੂੰ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਸਭ ਤੋਂ ਪਹਿਲੇ ਗਰੰਥੀ ਥਾਪਿਆ ਗਿਆ।

**ਗੁਰਬਾਣੀ ਰਚਨਾ** : ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਆਪ ਜੀ ਦੀ ਸਭ ਤੋਂ ਵਧੇਰੇ ਬਾਣੀ ਦਰਜ਼ ਹੈ ਜੋ ਕਿ 30 ਰਾਗਾਂ ਵਿੱਚ ਹੈ ਅਤੇ 2218 ਸ਼ਬਦ ਬਣਦੇ ਹਨ। ਆਪ ਜੀ ਦੁਆਰਾ ਰਚਿਤ ਬਹੁਤ ਹੀ ਸਰਲ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਬਹੁਤ ਗੁਰਸਿੱਖਾਂ ਵਲੋਂ ਅਤੇ ਲੱਗ ਭੱਗ ਸਾਰੇ ਗੁਰਦੁਆਰਿਆਂ ਵਿੱਚ ਰੋਜ਼ਾਨਾ ਅੰਮ੍ਰਿਤ ਵੇਲੇ ਨਿੱਤਨੇਮ ਨਾਲ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਮਾਝ ਰਾਗ ਵਿੱਚ ਬਾਰਹਮਾਂਹ ਦੀ ਬਾਣੀ ਵੀ ਹਰੇਕ ਦੇਸੀ ਮਹੀਨੇ (ਸੰਗਰਾਂਦ) ਦੇ ਪਹਿਲੇ ਦਿਨ ਗੁਰਦੁਆਰਿਆਂ ਵਿੱਚ ਉਪਦੇਸ਼ ਵਜੋਂ ਪੜ੍ਹੀ ਜਾਂਦੀ ਹੈ। ਭਾਵੇਂ ਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਸਿੱਖਾਂ ਲਈ ਸੰਗਰਾਂਦ ਦਾ ਜਾਂ ਕੋਈ ਹੋਰ ਵਿਸ਼ੇਸ਼ ਦਿਨ ਪਵਿੱਤਰ ਨਹੀਂ ਮੰਨਿਆ ਜਾਂਦਾ ਪਰ ਸੰਗਰਾਂਦ ਵਿੱਚ ਜੁੜ ਕੇ ਗੁਰਬਾਣੀ ਕੀਰਤਨ, ਕਥਾ, ਵਿਚਾਰ ਤੇ ਅਗਲੇ ਪ੍ਰੋਗਰਾਮ ਆਦਿ ਉਲੀਕਣ ਲਈ ਅਜਿਹੇ ਦਿਨਾਂ ਦਾ ਵਰਤਣਾ ਸ਼ੁਰੂ ਕੀਤਾ ਗਿਆ ਸੀ।

**ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ** : ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਦੀ ਇੱਕ ਮਹਾਨ ਘਟਨਾ ਹੈ। ਇਸ ਸ਼ਹਾਦਤ ਦੇ ਵੱਡੇ ਕਾਰਨ ਇਹ ਕਹੇ ਜਾ ਸਕਦੇ ਹਨ :-

(੧) **ਸਿੱਖ ਧਰਮ ਦੇ ਆਜ਼ਾਦੀ ਦੇ ਉਪਦੇਸ਼** : ਅਕਤੂਬਰ, ਸੰਨ 1605 ਈਸਵੀ ਨੂੰ ਅਕਬਰ ਸੰਸਾਰ ਤੋਂ ਚੜ੍ਹਾਈ ਕਰ ਗਿਆ। ਸਲੀਮ, ਜਹਾਂਗੀਰ ਦਾ ਨਾਮ ਧਰ ਕੇ ਤਖ਼ਤ ਉੱਤੇ ਬੈਠਾ। ਜਹਾਂਗੀਰ ਕੱਟੜ ਮੁਸਲਮਾਨ ਸੀ। ਉਸ ਨੇ ਤਖ਼ਤ ਉੱਤੇ ਬੈਠਦੇ ਸਾਰ ਇਸਲਾਮ ਦੇ ਅਸੂਲਾਂ ਨੂੰ ਉਜਾਗਰ ਕੀਤਾ। ਨਾਲ ਹੀ ਗੈਰ ਮੁਸਲਮਾਨਾਂ ਉੱਤੇ ਸਖ਼ਤੀ ਦਾ ਸਮਾਂ ਸ਼ੁਰੂ ਹੋਇਆ। ਸਭ ਤੋਂ ਵੱਡਾ ਅਤੇ ਪਹਿਲਾ, ਸ਼ਹਾਦਤ ਦਾ ਕਾਰਨ ਗੁਰੂ ਨਾਨਕ ਦੇਵ ਜੀ ਦੇ ਨਿੱਤ ਦਿੱਤੇ ਜਾਂਦੇ ਆਜ਼ਾਦੀ ਦੇ ਉਪਦੇਸ਼ ਸਨ, ਜੋ ਸਿੱਖਾਂ ਨੂੰ 'ਨਿਰਭਉ ਤੇ ਨਿਰਵੈਰ' ਹੋਣ ਲਈ ਪ੍ਰੇਰਦੇ ਸਨ।

(੨) **ਪ੍ਰਿਥੀ ਚੰਦ ਦੁਆਰਾ ਵਿਰੋਧ** : ਜਦੋਂ ਪ੍ਰਿਥੀ ਚੰਦ ਦਾ ਅੰਮ੍ਰਿਤਸਰ ਸਾਹਿਬ ਵਿੱਚ ਰਹਿਣਾ ਮੁਸ਼ਕਿਲ ਹੋ ਗਿਆ ਤਾਂ ਉਸ ਨੇ ਲਾਗੇ ਹੀ ਹੇਰੀਂ ਪਿੰਡ ਵਿੱਚ ਆਪਣਾ ਟਿਕਾਣਾ ਕੀਤਾ। ਉਥੇ ਉਸ ਨੂੰ ਸਮਾਂ ਮਿਲਿਆ ਕਿ ਗੁਰੂ ਘਰ ਦੇ ਵਿਰੁੱਧ ਸਾਜ਼ਿਸ਼ਾਂ ਰਚ ਸਕੇ। ਪ੍ਰਿਥੀ ਚੰਦ ਨੇ ਪਹਿਲਾਂ ਤਰਨ ਤਾਰਨ ਦੇ ਫ਼ੌਜ਼ਦਾਰ ਨੂਰ ਦੀਨ ਦੇ ਪੁੱਤਰ ਅਮੀਰ ਦੀਨ ਨੂੰ ਸਰੋਵਰ ਲਈ ਆਈਆਂ ਇੱਟਾਂ ਚੁੱਕਣ ਲਈ ਪ੍ਰੇਰਿਆ। ਫਿਰ ਦਸ ਹਜ਼ਾਰ ਰੁਪਏ ਰੋਜ਼ਾਨਾ ਉੱਤੇ ਸੁਲਹੀ ਖ਼ਾਨ ਨੂੰ ਸ੍ਰੀ ਅਮ੍ਰਿਤਸਰ ਸਾਹਿਬ ਉੱਤੇ ਹੱਲਾ ਬੋਲਣ ਲਈ ਮਨਾਇਆ ਪਰ ਰਾਹ ਵਿੱਚ ਹੀ ਪ੍ਰਿਥੀ ਚੰਦ ਦੇ ਭੱਠੇ ਦੇਖਦਿਆਂ ਉਸ ਦਾ ਘੋੜਾ ਬੇਕਾਬੂ ਹੋ ਗਿਆ ਤੇ ਸੁਲਹੀ ਘੋੜੇ ਸਮੇਤ ਹੀ ਸੜ ਮਰਿਆ। ਫਿਰ ਸੁਲਬੀ ਖ਼ਾਨ ਨੇ ਹੱਲੇ ਦੀ ਵਿਉਂਤ ਬਣਾਈ ਪਰ

ਘੋੜੇ ਚੜ੍ਹਦਿਆਂ ਹੀ ਉਸ ਨੂੰ ਐਸਾ ਦਰਦ (ਸੂਲ) ਉਠਿਆ ਕਿ ਸੁਲਬੀ, ਥਾਂ ਹੀ ਮਾਰਿਆ ਗਿਆ। ਹੁਣ ਪ੍ਰਿਥੀ ਚੰਦ ਨੇ ਲਾਹੌਰ ਵੱਲ ਮੂੰਹ ਕੀਤਾ। ਪੰਜਾਬ ਦਾ ਨਵਾਬ ਸ਼ਹਿਜ਼ਾਦਾ ਖੁਰਮ ਸੀ। ਉਹ ਸਲੀਮ (ਜਹਾਂਗੀਰ) ਦਾ ਤੀਜਾ ਪੁੱਤ ਸੀ। ਬਾਪ ਵਾਂਗ ਉਹ ਵੀ ਕੱਟੜ (ਮੁਤਅੱਸਬੀ) ਸੀ। ਕਾਹਨਾ ਭਗਤ ਤੇ ਚੰਦੂ ਉਸ ਦੇ ਦੀਵਾਨ ਸਨ। ਪ੍ਰਿਥੀ ਚੰਦ, ਚੰਦੂ ਤੇ ਕਾਹਨਾ ਦਾ ਦੋਸਤ ਸੀ। ਉਸ ਨੇ ਫ਼ਾਇਦਾ ਉਠਾਉਂਦੇ ਹੋਏ, ਖੁਰਮ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ।

(੩) **ਸਨਾਤਨੀਆਂ ਦੀ ਵਿਰੋਧਤਾ** :- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਤਪੀ, ਸਾਧੂ ਤੇ ਹਿੰਦੂ ਭਗਤ ਗੁਰੂ-ਘਰ ਦੀ ਵਿਰੋਧਤਾ ਕਰ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਤਾਂ ਸਨਾਤਨੀਆਂ ਨੇ ਸਾਹਮਣੇ ਹੋ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਬੀਰਬਲ ਨੇ ਵੀ ਹਿੰਦੂਆਂ ਦੇ ਚੁੱਕੇ ਚੁਕਾਏ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਵੀ ਕਾਬਲ ਦੀ ਮੁਹਿੰਮ ਤੋਂ ਜ਼ਿੰਦਾ ਨਾ ਮੁੜ ਸਕਿਆ। ਜਦ ਕੋਈ ਚਾਲ ਚਲਦੀ ਨਾ ਦਿੱਸੀ ਤਾਂ ਉਨ੍ਹਾਂ ਈਰਖਾਲੂ ਹਿੰਦੂਆਂ ਨੇ ਲਾਹੌਰ ਦੇ ਹਾਕਮਾਂ ਨੂੰ ਨਾਲ ਲੈ ਕੇ ਜਹਾਂਗੀਰ ਦੇ ਕੰਨ ਅਜਮੇਰ ਜਾ ਕੇ ਭਰੇ।

(੪) **ਚੰਦੂ ਦੀ ਦੁਸ਼ਮਣੀ** :- ਚੰਦੂ ਲਾਹੌਰ ਦਾ ਦੀਵਾਨ ਸੀ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਪ੍ਰੋਹਤਾਂ ਨੂੰ ਭੇਜਿਆ। ਪ੍ਰੋਹਤ ਨੇ (ਗੁਰੂ) ਹਰਿਗੋਬਿੰਦ ਸਾਹਿਬ ਨਾਲ ਚੰਦੂ ਦੀ ਲੜਕੀ ਦਾ ਰਿਸ਼ਤਾ ਪੱਕਾ ਕਰ ਦਿੱਤਾ। ਚੰਦੂ ਨੇ ਭਰੀ ਸੰਗਤ ਵਿੱਚ ਗੁਰੂ ਦਾ ਨਿਰਾਦਰ ਕੀਤਾ। ਉਸ ਕਿਹਾ : 'ਪਰੋਹਤ ਜੀ ! ਚੁਬਾਰੇ ਜੀ ਇੱਟ ਮੋਰੀ ਨੂੰ ਲਾ ਆਏ ਹੋ।' ਸਿੱਖਾਂ ਨੇ ਬਹੁਤ ਬੁਰਾ ਮਨਾਇਆ। ਉਨ੍ਹਾਂ ਗੁਰੂ ਜੀ ਨੂੰ ਇਹ ਘਟਨਾ ਸੁਣਾਈ ਅਤੇ ਬੇਨਤੀ ਕੀਤੀ ਕਿ ਗੁਰੂ ਘਰ ਦਾ ਨਿਰਾਦਰ ਹੋਇਆ ਹੈ। ਇਹ ਰਿਸ਼ਤਾ ਨਾ ਲਿਆ ਜਾਵੇ। ਸ੍ਰੀ ਗੁਰੂ ਅਰਜਨ ਜੀ ਨੇ ਸੰਗਤਾਂ ਦਾ ਹੁਕਮ ਸਿਰ ਮੱਥੇ ਮੰਨਿਆ ਤੇ ਰਿਸ਼ਤਾ ਕਬੂਲ ਨਾ ਕੀਤਾ।

ਦੀਵਾਨ ਚੰਦੂ ਗੁਰੂ ਜੀ ਤੋਂ ਬਦਲਾ ਲੈਣ ਲਈ ਤੜਫਨ ਲੱਗਾ। ਅਕਬਰ ਦੇ ਹੁੰਦਿਆਂ ਉਹ ਕੁਝ ਕਰ ਨਹੀਂ ਸੀ ਸਕਦਾ। ਜਹਾਂਗੀਰ ਦੇ ਤਖ਼ਤ ਉੱਤੇ ਬੈਠਣ ਸਾਰ ਹੀ ਇਸ ਨੂੰ ਸ਼ਹਿ ਮਿਲੀ ਤੇ ਉਸ ਨੇ ਜਹਾਂਗੀਰ ਨੂੰ ਗੁਰੂ ਜੀ ਵਿਰੁੱਧ ਸਖ਼ਤ ਕਦਮ ਉਠਾਣ ਲਈ ਉਕਸਾਇਆ।

(੫) **ਨਕਸ਼ਬੰਦੀਆਂ ਦੀ ਚੁੱਕ-ਚੁਕਾਈ** :- ਇਹ ਸਦਾ ਚੇਤੇ ਰਹੇ ਕਿ ਬਾਕੀ ਸਭ ਕਾਰਨ ਪੂਰਕ ਸਨ, ਅਸਲ ਕਾਰਨ ਜਹਾਂਗੀਰ ਸੀ। ਚੁੱਕ ਚੁਕਾਈ ਵਿੱਚ ਨਕਸ਼ਬੰਦੀ ਸਭ ਤੋਂ ਅੱਗੇ ਸਨ। ਉਨ੍ਹਾਂ ਦਾ ਆਗੂ ਮੌਲਾਨਾ ਸ਼ੇਖ ਅਹਿਮਦ ਸਰਹੰਦੀ ਸੀ। ਉਹ ਆਪਣੇ ਆਪ ਨੂੰ ਮੁਜੱਦਦ ਅਲਫ਼ ਸਾਨ (ਇਸਲਾਮ ਦਾ ਰੱਖਯਕ) ਕਹਿੰਦਾ ਸੀ। ਉਸ ਨੇ ਫ਼ਕੀਰ (ਜੋ ਮੁਰਤਜ਼ਾ ਖਾਨ ਦੇ ਨਾਂ ਨਾਲ ਪ੍ਰਸਿੱਧ ਹੋਇਆ) ਨੂੰ ਵੀ ਚਿੱਠੀਆਂ ਲਿਖੀਆਂ। ਇਕ ਚਿੱਠੀ ਵਿੱਚ ਲਿਖਿਆ ਕਿ ਇਸਲਾਮ ਦੀ ਇੱਜ਼ਤ ਕੁਫ਼ਰ ਤੇ ਕਾਫਰਾਂ ਦੀ ਖਵਾਰੀ ਵਿੱਚ ਹੈ, ਜਿਸ ਨੇ ਅਹਿਲੇ ਕੁਫਰ ਨੂੰ ਅਜ਼ੀਜ਼ ਰੱਖਿਆ, ਉਸ ਨੇ ਅਹਿਲੇ-ਇਸਲਾਮ ਨੂੰ ਖਵਾਰ ਕੀਤਾ। ਇਨ੍ਹਾਂ ਨੂੰ ਨੇੜੇ ਵੀ ਨਹੀਂ ਲੱਗਣ ਦੇਣਾ ਚਾਹੀਦਾ। ਕੁੱਤਿਆਂ ਦੀ ਤਰ੍ਹਾਂ ਇਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਇਸੇ ਮੁਰਤਜ਼ਾ ਖਾਨ ਨੂੰ ਜਹਾਂਗੀਰ ਨੇ, ਸ੍ਰੀ ਗੁਰੂ ਅਰਜਨ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਭੇਜਿਆ ਸੀ ਅਤੇ ਜਹਾਂਗੀਰ ਮੁਰਤਜ਼ਾ ਖ਼ਾਨ ਦੀ ਸੁਣਦਾ ਮੰਨਦਾ ਸੀ।

(੬) **ਗੁਰੂ ਜੀ ਦੁਆਰਾ ਖੁਸਰੋ ਦੀ ਮੱਦਦ ਕਰਨ ਦੀ ਆੜ** : ਸੰਨ 1606 ਈਸਵੀ ਵਿੱਚ ਖੁਸਰੋ ਨੇ ਆਪਣੇ 350 ਸਵਾਰਾਂ ਨਾਲ ਆਗਰਾ ਛੱਡਿਆ ਅਤੇ ਬਹਾਨਾ ਇਹ ਕੀਤਾ ਕਿ ਉਹ ਆਪਣੇ ਦਾਦੇ ਅਕਬਰ ਦੇ ਮਕਬਰੇ ਸਕੰਦਰੀਆ ਉੱਤੇ ਫੁੱਲ ਚੜ੍ਹਾਉਣ ਜਾ ਰਿਹਾ ਹੈ। ਹੁਸੈਨ ਬੇਗ ਤੇ ਅਬਦਰ ਰਹੀਮ ਨੇ ਇਸ ਕੰਮ ਵਿੱਚ ਮੱਦਦ ਕੀਤੀ। ਜਹਾਂਗੀਰ ਨੂੰ ਜਦ ਖੁਸਰੋ ਦੀ ਨੀਅਤ ਦਾ ਪਤਾ ਲੱਗਾ ਤਾਂ

ਉਸਨੇ ਆਪ ਉਸ ਦਾ ਪਿੱਛਾ ਕੀਤਾ।

ਘਬਰਾਇਆ ਹੋਇਆ ਖੁਸਰੋ ਪੰਜਾਬ ਵੱਲ ਭੱਜਿਆ। ਉਸ ਨੇ ਖ਼ਿਆਲ ਕੀਤਾ ਕਿ ਤਰਨ ਤਾਰਨ ਜਾਇਆ ਜਾਵੇ। ਉਸ ਦਾ ਵਹਿੰਦਾ ਮਨ ਕਿਸੇ ਸਹਾਰੇ ਦੀ ਤਲਾਸ਼ ਵਿੱਚ ਸੀ। ਉਸ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਜਹਾਂਗੀਰ ਪਿੱਛੇ ਆ ਰਿਹਾ ਹੈ। ਮਨ ਦੀ ਇਸੇ ਖਿਚੋਤਾਣ ਵਿੱਚ ਖੁਸਰੋ ਤਰਨ ਤਾਰਨ ਪੁੱਜਾ। ਖੁਸਰੋ ਕਈ ਵਾਰੀ ਅਕਬਰ ਨਾਲ ਗੁਰੂ-ਘਰ ਦੇ ਦਰਸ਼ਨ ਕਰ ਚੁੱਕਾ ਸੀ। ਜਹਾਂਗੀਰ ਨੇ ਇਸੇ ਨੂੰ ਮੰਨ ਲਿਆ ਕਿ ਗੁਰੂ ਜੀ ਨੇ ਖੁਸਰੋ ਨੂੰ ਪਨਾਹ ਦਿੱਤੀ ਹੈ।

**ਸ਼ਹਾਦਤ ਕਿਵੇਂ ਹੋਈ** : ਸ੍ਰੀ ਗੁਰੂ ਅਰਜਨ ਦੇਵ ਜੀ ਜਦ ਲਾਹੌਰ ਪੁੱਜੇ ਤਾਂ ਉਨ੍ਹਾਂ ਉੱਤੇ ਕਈ ਦੂਸ਼ਨ ਲਗਾਏ ਗਏ। ਖੁਸਰੋਂ ਦੀ ਮੱਦਦ ਕਰਨ ਦਾ ਇਲਜ਼ਾਮ ਸਭ ਤੋਂ ਉੱਤੇ ਸੀ। ਗੁਰੂ ਜੀ ਦੇ ਸਾਹਮਣੇ ਦੋ ਰਸਤੇ ਪੇਸ਼ ਕੀਤੇ ਗਏ। ਗੁਰੂ ਜੀ ਨੇ ਹਰ ਦੋਰਾਹੇ ਉੱਤੇ ਸਹੀ ਕਠਨ ਰਸਤਾ ਹੀ ਅਪਣਾਇਆ। ਇੱਕ ਪਾਸੇ ਚੰਦੂ ਦੀ ਈਰਖਾ ਸੀ, ਦੂਜੇ ਪਾਸੇ ਸੰਗਤ ਦਾ ਹੁਕਮ। ਇਕ ਪਾਸੇ ਤੱਤੀਆਂ ਤਵੀਆਂ ਦਿੱਸਦੀਆਂ ਸਨ, ਦੂਜੇ ਪਾਸੇ ਸ਼ਰਨ ਆਏ ਦੀ ਲਾਜ ਸੀ। ਇੱਕ ਪਾਸੇ ਦੇਗ ਵਿੱਚ ਉਬਲਣਾ ਸੀ, ਦੂਜੇ ਪਾਸੇ ਸ੍ਰੀ ਗਰੰਥ ਸਾਹਿਬ ਜੀ ਦੀ ਪਵਿੱਤਰਤਾ ਸੀ। (ਜਹਾਂਗੀਰ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਖੁਸ਼ਾਮਦ ਦੇ ਸ਼ਬਦ ਦਰਜ਼ ਕਰਨ ਲਈ ਵੀ ਆਖਿਆ ਸੀ)। ਸ੍ਰੀ ਗੁਰੂ ਅਰਜਨ ਜੀ ਨੇ ਸ਼ਹਾਦਤ ਵਾਲਾ ਰਸਤਾ ਹੀ ਠੀਕ ਸਮਝਿਆ।

ਗੁਰੂ ਜੀ ਨੂੰ ਲਾਹੌਰ ਦੇ ਹਾਕਮ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਗਿਆ। ਤਸੀਹੇ ਦੇ ਕੇ ਮਾਰਨ ਦਾ ਹੁਕਮ ਦੇ ਕੇ ਜਹਾਂਗੀਰ ਕੁਝ ਚਿਰ ਲਈ ਅੱਗੇ ਪੇਸ਼ਾਵਰ ਵੱਲ ਚਲਾ ਗਿਆ। ਜਲਦੀ ਹੀ ਵਾਪਸ ਲਾਹੌਰ ਆ ਗਿਆ। ਮੁਰਤਜ਼ਾ ਖ਼ਾਨ ਨੇ ਉਸ ਨਿਰਦਈ ਕੰਮ ਲਈ ਦੀਵਾਨ ਚੰਦੂ ਨੂੰ ਲਗਾਇਆ ਤਾਂ ਜੋ ਘਰੋਗੀ ਵਿਰੋਧੀ ਦੇ ਕਾਰਨ ਚੰਦੂ ਦੇ ਹਿਰਦੇ ਵਿੱਚ ਤਸੀਹੇ ਦੇਣ ਤੋਂ ਸੰਕੋਚ ਪੈਦਾ ਨਾ ਹੋਵੇ।

ਆਪ ਜੀ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਸਿਰ ਉੱਤੇ ਤੱਤੀ ਰੇਤ ਪਾਈ ਗਈ। ਫਿਰ ਉਬਲਦੇ ਪਾਣੀ ਵਿੱਚ ਉਬਾਲਿਆ ਗਿਆ। ਸਰੀਰ ਛਾਲੇ-ਛਾਲੇ ਹੋ ਗਿਆ। ਪਰ ਗੁਰੂ ਜੀ ਨੇ 'ਤੇਰਾ ਕੀਆ ਮੀਠਾ ਲਾਗੈ' ਦੀ ਧੁਨੀ ਜਾਰੀ ਰੱਖੀ। ਸਾਈਂ ਮੀਆਂ ਮੀਰ ਜੀ ਨੇ ਵਿੱਚ ਪੈ ਕੇ ਇਹ ਝਗੜਾ ਮੁਕਾਉਣ ਦੀ ਕੋਸ਼ਿਸ਼ ਕੀਤੀ ਪਰ ਵਾਹ ਨਾ ਚੱਲੀ। ਜਹਾਂਗੀਰ ਉਸ ਵੇਲੇ ਤੱਕ ਮੀਆਂ ਮੀਰ ਦੀ ਅਜ਼ਮਤ ਤੋਂ ਜਾਣੂੰ ਨਹੀਂ ਸੀ। ਗੁਰੂ ਜੀ ਨੇ ਮੀਆਂ ਮੀਰ ਨੂੰ ਵੀ ਵਾਹਿਗੁਰੂ ਦੇ ਹੁਕਮ ਵਿੱਚ ਰਹਿਣ ਦਾ ਹੀ ਉਪਦੇਸ਼ ਦਿੱਤਾ ਅਤੇ ਫੁਰਮਾਇਆ ਕਿ "ਕੀ ਹੋਇਆ ਜੇ ਤਨ ਤਪ ਰਹਿਆ ਹੈ। ਸਾਈਂ ਦੇ ਪਿਆਰਿਆਂ ਨੂੰ ਭਾਣੇ ਵਿੱਚ ਹੀ ਰਸ ਮਾਣਨਾ ਚਾਹੀਦਾ ਹੈ। ਦੁੱਖ ਰਤਾ ਵੀ ਨਹੀਂ ਹੈ। ਸਰੀਰ ਤੇ ਸੰਸਾਰ ਝੂਠਾ ਹੈ। ਆਤਮਾ ਨਿਰਲੇਪ ਹੈ।"

ਆਖ਼ਰ ਜੱਲਾਦਾਂ ਨੇ ਇਹ ਵਿਚਾਰਿਆ ਕਿ ਜੇ ਸਰੀਰ ਉੱਤੇ ਠੰਡਾ ਪਾਣੀ ਪਾਇਆ ਜਾਏ ਤਾਂ ਹੋਰ ਤਕਲੀਫ਼ ਹੋਵੇਗੀ। ਪੰਜ ਦਿਨ ਤਸੀਹੇ ਦਿੱਤੇ ਜਾਂਦੇ ਰਹੇ। ਜ਼ਾਲਮਾਂ ਵਲੋਂ ਆਪਣੇ ਭੈੜੇ ਇਰਾਦਿਆਂ ਨੂੰ ਪੂਰਾ ਕਰਨ ਲਈ ਛੇਵੇਂ ਦਿਨ 30 ਮਈ, ਸੰਨ 1606 ਈਸਵੀ ਨੂੰ ਗੁਰੂ ਜੀ ਦੇ ਨਿਰਬਲ ਸਰੀਰ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾਇਆ ਗਿਆ। ਗੁਰੂ ਜੀ ਇਸ਼ਨਾਨ ਕਰਨ ਗਏ ਪਰ ਵਾਪਸ ਨਹੀਂ ਪਰਤੇ। ਇਸ ਗੱਲ ਦੀ ਗਵਾਹੀ ਭਾਈ ਰਤਨ ਸਿੰਘ ਜੀ ਭੰਗੂ ਅਤੇ ਮੁਨਸ਼ੀ ਸੋਹਨ ਲਾਲ ਨੇ ਭਰੀ ਹੈ। ਇਸ ਥਾਂ ਅੱਜ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ (ਪਾਕਿਸਤਾਨ) ਸੁਸ਼ੋਭਿਤ ਹੈ।

ਧੰਨਵਾਦਿ ਸਾਹਿਤ ਵਿਚੋਂ :- ਨੈਤਿਕ ਸਿੱਖਿਆ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

# ਭਾਈ ਵੀਰ ਸਿੰਘ ਜੀ

ਰੂਪ ਸਿੰਘ

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ, ਭਾਈ ਵੀਰ ਸਿੰਘ ਦਾ ਜਨਮ ੫ ਦਸੰਬਰ, ੧੮੭੨ ਈ: ਨੂੰ ਇਕ ਸਨਮਾਨਿਤ ਸਿੱਖ ਪਰਿਵਾਰ ਵਿੱਚ ਹੋਇਆ। ਭਾਈ ਸਾਹਿਬ ਦੇ ਪਿਤਾ ਡਾ: ਚਰਨ ਸਿੰਘ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਸਿੰਘ ਸਭਾ ਲਹਿਰ ਦੇ ਆਗੂਆਂ ਵਿਚੋਂ ਸਨ। ਡਾ: ਚਰਨ ਸਿੰਘ ਹਿੰਦੀ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਲਿਖਾਰੀ ਅਤੇ ਅੰਗਰੇਜ਼ੀ-ਫਾਰਸੀ ਭਾਸ਼ਾ ਦੇ ਚੰਗੇ ਵਾਕਫਕਾਰ ਸਨ। ਗਿਆਨੀ ਹਜ਼ਾਰਾ ਸਿੰਘ ਵੀ ਸਥਾਪਤ ਅਨੁਵਾਦਕ ਤੇ ਕਵੀ ਸਨ, ਜਿਨ੍ਹਾਂ ਨੇ ਉਰਦੂ-ਫਾਰਸੀ ਦੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਅਨੁਵਾਦ ਮਾਤ-ਭਾਸ਼ਾ ਵਿਚ ਕੀਤਾ। ਗਿਆਨੀ ਹਜ਼ਾਰਾ ਸਿੰਘ ਨੇ ਵਿਸ਼ਵ ਪ੍ਰਸਿੱਧ ਪੁਸਤਕਾਂ 'ਗੁਲਸਤਾਂ ਤੇ ਬੋਸਤਾਂ ਦਾ ਪੰਜਾਬੀ ਕਾਵਿ ਰੂਪ ਵਿੱਚ ਅਨੁਵਾਦ ਵੀ ਕੀਤਾ। ਭਾਈ ਸਾਹਿਬ ਦਾ ਬਚਪਨ ਗਿਆਨੀ ਹਜ਼ਾਰਾ ਸਿੰਘ ਪਾਸ ਹੀ ਬੀਤਿਆ। ਇਕ ਦਿਨ ਗਿਆਨੀ ਜੀ ਕਿਸੇ ਪੁਸਤਕ ਦਾ ਅਨੁਵਾਦ ਕਰ ਰਹੇ ਸਨ ਤਾਂ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਲੋਕਾਂ ਦੀਆਂ ਰਚਨਾਵਾਂ ਦਾ ਉਲੱਥਾ ਕਰਦੇ ਰਹਿੰਦੇ ਹੋ, ਆਪਣੀ ਕੋਈ ਨਵੀਂ ਰਚਨਾ ਕਿਉਂ ਨਹੀਂ ਕਰ ਲੈਂਦੇ ?" ਗਿਆਨੀ ਜੀ ਨੇ ਸਹਿਜ ਸੁਭਾ ਕਿਹਾ, "**ਬਰਖੁਰਦਾਰ, ਮੈਂ ਤਾਂ ਨਹੀਂ ਕਰ ਸਕਿਆ ਪਰ ਤੂੰ ਜ਼ਰੂਰ ਕਰੇਗਾ।**" ਸਮੇਂ ਦੇ ਬੀਤਣ ਨਾਲ ਗਿਆਨੀ ਜੀ ਦਾ ਇਹ ਵਾਕ ਇਨ-ਬਿਨ ਪੂਰਾ ਹੋਇਆ।

ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਸ਼ਖਸੀਅਤ ਦਾ ਵਿਕਾਸ ਧਾਰਮਿਕ ਵਾਤਾਵਰਨ ਤੇ ਵਿਦਵਾਨਾਂ ਦੀ ਸੰਗਤ ਵਿੱਚ ਹੋਇਆ। ਭਾਈ ਸਾਹਿਬ ਨੂੰ ਸਮੇਂ ਅਨੁਸਾਰੀ ਵਿਦਿਆ ਦਿਵਾਉਣ ਦਾ ਪ੍ਰਬੰਧ ਕੀਤਾ ਗਿਆ। ਉਰਦੂ-ਫਾਰਸੀ ਦੀ ਜਾਣਕਾਰੀ ਇਕ ਮੁੱਲਾਂ ਪਾਸੋਂ ਪ੍ਰਾਪਤ ਕਰ, ਪੰਜਾਬੀ ਭਾਸ਼ਾ ਦਾ ਗਿਆਨ, ਗਿਆਨੀ ਹਰਭਜਨ ਸਿੰਘ ਹੁਰਾਂ ਪਾਸੋਂ ਹਾਸਲ ਕੀਤਾ। ਅੱਠ ਸਾਲ ਦੀ ਉਮਰ ਵਿੱਚ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਮੁਕੰਮਲ ਕੀਤਾ। ੧੮੯੧ ਈ: ਵਿੱਚ ਚਰਚ ਮਿਸ਼ਨ ਸਕੂਲ ਅੰਮ੍ਰਿਤਸਰ ਚੋਂ ਐਂਟਰੈਂਸ ਦਾ ਇਮਤਿਹਾਨ ਜ਼ਿਲ੍ਹੇ ਭਰ ਵਿਚੋਂ ਅੱਵਲ ਰਹਿ ਪਾਸ ਕੀਤਾ। ਅਜੇ ਭਾਈ ਸਾਹਿਬ ਸਕੂਲੀ ਵਿਦਿਆ ਹੀ ਪ੍ਰਾਪਤ ਕਰ ਰਹੇ ਸਨ ਕਿ ਇਨ੍ਹਾਂ ਦਾ ਵਿਆਹ ੧੮੯੬ ਈ: ਵਿੱਚ ਸ੍ਰ: ਨਰਾਇਣ ਸਿੰਘ ਦੀ ਸਪੁੱਤਰੀ ਬੀਬੀ ਚਤਰ ਕੌਰ ਨਾਲ ਕਰ ਦਿੱਤਾ ਗਿਆ। ਦਸਵੀਂ ਜਮਾਤ ਕਰ ਲੈਣ ਤੇ ਮਾਤਾ-ਪਿਤਾ ਨੂੰ ਇਨ੍ਹਾਂ ਦੇ ਰੋਜ਼ਗਾਰ ਦਾ ਫ਼ਿਕਰ ਹੋਇਆ। ਦੋ-ਤਿੰਨ ਥਾਵਾਂ ਤੋਂ ਨੌਕਰੀ ਦੇ ਸੱਦਾ-ਪੱਤਰ ਵੀ ਪ੍ਰਾਪਤ ਹੋਏ ਪਰ ਭਾਈ ਸਾਹਿਬ ਅਜ਼ਾਦ ਤਬੀਅਤ ਦੇ ਮਾਲਕ ਸਨ, ਸੋ ਕਿਸੇ ਦੀ ਨੌਕਰੀ ਕਰਨੀ ਮੁਨਾਸਬ ਨਾ ਸਮਝੀ ਤੇ ਸ੍ਰ: ਵਜੀਰ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਵਿੱਚ ਹੀ ਵਜੀਰ ਹਿੰਦ ਪ੍ਰੈਸ ਲਗਵਾ ਲਿਆ। ਪਹਿਲਾਂ ਇੱਕ ਪੱਥਰ ਛਿਪਾਈ ਲਈ ਕਿਰਾਏ ਤੇ ਲਿਆ ਗਿਆ। ਭਾਈ ਵੀਰ ਸਿੰਘ ਹੁਰਾਂ ਨੇ ਆਪਣੀ ਲਗਨ, ਸਖਤ ਮਿਹਨਤ, ਸਿਦਕ ਦਿਲੀ ਸਦਕਾ ਪ੍ਰੈਸ ਨੂੰ ਇਨ੍ਹਾਂ ਕਾਮਯਾਬ ਕੀਤਾ ਕਿ ਦੂਰੋਂ-ਦੂਰੋਂ ਇਸ ਪ੍ਰੈਸ ਨੂੰ ਲੋਕ ਦੇਖਣ ਆਉਣ ਲਗੇ।

੧੮੯੦ ਈ: ਭਾਈ ਵੀਰ ਸਿੰਘ ਨੇ '**ਖਾਲਸਾ ਸਮਾਚਾਰ**' ਨਾਂ ਦਾ ਹਫ਼ਤਾਵਾਰੀ ਅਖ਼ਬਾਰ ਜਾਰੀ ਕੀਤਾ ਜੋ ਨਿਰੰਤਰ ਜਾਰੀ ਹੈ। ੧੮੯੩ ਈ: ਵਿੱਚ **ਖਾਲਸਾ ਟ੍ਰੈਕਟ ਸੁਸਾਇਟੀ** ਦੀ ਨੀਂਹ ਰੱਖੀ ਗਈ ਜਿਸ ਨੇ ਮਾਸਿਕ ਪਰਚਾ '**ਨਿਰਗੁਣੀਆਰਾ**' ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਜੋ ਇਕ ਸ਼ਤਾਬਦੀ ਪੂਰੀ ਕਰ ਚੁੱਕਾ ਹੈ। ਸ਼ਾਇਦ ਪੰਜਾਬੀ ਦਾ ਇਹ ਪਹਿਲਾ ਮਾਸਿਕ ਪਰਚਾ ਹੈ ਜੋ ਨਿਰਵਿਘਨ ਪ੍ਰਕਾਸ਼ਤ ਹੋ ਰਿਹਾ ਹੈ ਭਾਵੇਂ ਕਿ ਇਸ ਵਿੱਚ ਕੋਈ ਨਵੀਨਤਾ ਨਹੀਂ ਆਈ ਅਤੇ ਬਾਰ-ਬਾਰ ਭਾਈ ਵੀਰ ਸਿੰਘ ਦੇ ਲੇਖਾਂ ਨੂੰ ਹੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਦੇ ਪੈਦਾ ਕੀਤੇ ਵਿਦਵਾਨਾਂ-ਸਾਹਿਤਕਾਰਾਂ ਵਿਚੋਂ ਸਿਰਮੌਰ ਹਨ। ਸਿੰਘ ਸਭਾ ਲਹਿਰ ਦਾ ਜਨਮ, ਸਿੱਖ ਸਮਾਜ ਵਿੱਚ ਆਈਆਂ ਸਿਧਾਂਤਕ ਕਮਜ਼ੋਰੀਆਂ ਤੇ ਅਮਲੀ ਗਿਰਾਵਟ ਤੋਂ ਹੋਇਆ। ਸਿੱਖ ਸਮਾਜ ਵਿੱਚ ਬ੍ਰਾਹਮਣਵਾਦ ਪੂਰੀ ਤਰ੍ਹਾਂ ਛਾਇਆ ਹੋਇਆ ਸੀ। ਜਿਨ੍ਹਾਂ ਵਹਿਮਾਂ-ਭਰਮਾਂ, ਭੇਖਾਂ-ਪਾਖੰਡਾਂ, ਰਸਮਾਂ-ਰਿਵਾਜ਼ਾਂ ਤੋਂ ਗੁਰਮਤਿ ਵਿਚਾਰਧਾਰਾ ਨੇ ਵਰਜਿਆ ਸੀ, ਉਹ ਫਿਰ ਪੂਰੀ ਤਰ੍ਹਾਂ ਸਿੱਖ ਜੀਵਨ-ਜਾਚ ਵਿੱਚ ਘਰ ਕਰ ਚੁੱਕੀਆਂ ਸਨ। ਆਪ ਜੀ ਨੇ ਕੌਮ ਨੂੰ ਜਾਗ੍ਰਿਤ ਕਰਨ ਤੇ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਲਈ ਦੋ ਆਦਰਸ਼ ਨੀਯਤ ਕੀਤੇ-ਪਹਿਲਾ **ਵਿਦਿਆ ਦਾ ਪ੍ਰਚਾਰ-ਪ੍ਰਸਾਰ ਤੇ ਦੂਸਰਾ ਮਾਂ ਬੋਲੀ ਵਿੱਚ ਸਾਹਿਤ ਸਿਰਜਣਾ**, ਤਾਂ ਜੋ 'ਬੋਲੀ ਅਵਰ ਤੁਮਾਰੀ' ਤੋਂ ਨਿਜਾਤ ਪ੍ਰਾਪਤ ਹੋ ਸਕੇ। ਪਹਿਲੇ ਆਦਰਸ਼ ਨੂੰ ਪ੍ਰਾਪਤ ਕਰਨ ਲਈ **ਐਜੂਕੇਸ਼ਨ ਕਮੇਟੀ** ਦਾ ਗਠਨ ਕੀਤਾ ਗਿਆ। ਇ੭ਸ ਕਮੇਟੀ ਨੂੰ ਸਫਲ ਕਰਨ ਲਈ ਭਾਈ ਵੀਰ ਸਿੰਘ ਨੇ ਆਪਣੇ ਸਾਰੇ ਨਿੱਜੀ ਰੁਝੇਵਿਆਂ ਦਾ ਤਿਆਗ ਕਰ, ਦਿਨ-ਰਾਤ ਇਕ ਕਰ ਦਿੱਤਾ। ਇਸ ਕਮੇਟੀ ਦੀ ਸਫਲਤਾ ਦਾ ਅੰਦਾਜ਼ਾ ਚੀਫ਼ ਖਾਲਸਾ ਦੀਵਾਨ ਵਲੋਂ ਚਲਾਈਆ ਜਾ ਰਹੀਆਂ ਵਿਦਿਅਕ ਸੰਸਥਾਵਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਕਮੇਟੀ ਨੂੰ ਇਥੋਂ ਤੱਕ ਪਹੁੰਚਾਣ ਪਿਛੇ ਭਾਈ ਸਾਹਿਬ ਦਾ ਹੀ ਹੱਥ ਸੀ।

ਕੌਮ ਨੂੰ ਜਾਗ੍ਰਤ ਕਰਨ ਤੇ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈ ਸਾਹਿਬ ਨੇ ਸਾਰਾ ਜੀਵਨ ਸਾਹਿਤ ਸਿਰਜਣਾ ਹਿਤ ਲਗਾ ਦਿੱਤਾ। **ਹਮੇਸ਼ਾਂ ਹਾਰੀਆਂ ਹੋਈਆਂ ਕੌਮਾਂ ਤੇ ਬੁਜ਼ਦਿਲ ਹੋ ਚੁੱਕੇ ਲੋਕਾਂ ਨੂੰ ਅਮੀਰ ਸਾਹਿਤ ਨੇ ਨਵ-ਜੀਵਨ ਪ੍ਰਦਾਨ ਕੀਤਾ।** ਭਾਈ ਸਾਹਿਬ ਦੀਆਂ ਸਾਹਿਤਕ ਕਿਰਤਾਂ ਨੇ ਇਸ ਕਾਰਜ ਨੂੰ ਕਰਨ ਲਈ ਭਰਪੂਰ ਹਿੱਸਾ ਪਾਇਆ। ਭਾਈ ਸਾਹਿਬ ਦੀਆਂ ਸਾਹਿਤਕ ਕਿਰਤਾਂ ਦੀ ਵਰਗ-ਵੰਡ ਇਸ ਤਰ੍ਹਾਂ ਕਰ ਸਕਦੇ ਹਾਂ :

**ਜੀਵਨੀ ਰੂਪ**

੧) ਗੁਰੂ ਨਾਨਕ ਚਮਤਕਾਰ (ਦੋ ਭਾਗ) , ਅਸ਼ਟ ਗੁਰ ਚਮਤਕਾਰ , ਕਲਗੀਧਰ ਚਮਤਕਾਰ

**ਕਵਿਤਾ ਰੂਪ**

ਲਹਿਰਾਂ ਦੇ ਹਾਰ ,ਬਿਜਲੀਆਂ ਦੇ ਹਾਰ , ਕੰਬਦੀ ਕਲਾਈ , ਮੇਰੇ ਸਾਈਆਂ ਜੀਓ

**ਨਾਵਲ ਰੂਪ**

ਸੁੰਦਰੀ , ਬਿਜੈ ਸਿੰਘ , ਸਤਵੰਤ ਸਿੰਘ , ਬਾਬਾ ਨੌਧ ਸਿੰਘ

**ਖੋਜ ਤੇ ਵਿਆਖਿਆ**

ਸ੍ਰੀ ਗੁਰੂ ਗ੍ਰੰਥ ਕੋਸ਼ , ਸੰਥਿਆ ਪੋਥੀਆਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) , ਗੁਰ ਪ੍ਰਤਾਪ ਸੂਰਜ ਗ੍ਰੰਥ

**ਸੰਪਾਦਨ**

ਪੁਰਾਤਨ ਜਨਮ ਸਾਖੀ , ਭਾਈ ਗੁਰਦਾਸ ਵਾਰਾਂ, ਕਬਿੱਤ -ਸਵੱਯੇ

**ਟ੍ਰੈਕਟ ਰਚਨਾ**

੧੮੯੧ ਤੋਂ ੧੯੫੭ ਤੱਕ ਲਗਭਗ ੨੦੦ ਟ੍ਰੈਕਟਾਂ ਦੀ ਰਚਨਾ।

ਭਾਈ ਵੀਰ ਸਿੰਘ ਬਹੁਤ ਸਾਰੀਆਂ ਪੰਥਕ ਸੰਸਥਾਵਾਂ ਦੇ ਸੰਸਥਾਪਕ, ਸੰਚਾਲਕ ਤੇ ਮੈਂਬਰ ਸਨ ਜਿਨ੍ਹਾਂ ਵਿਚੋਂ ਪ੍ਰਮੁੱਖ **ਖਾਲਸਾ ਟ੍ਰੈਕਟ ਸੁਸਾਇਟੀ** (੧੮੯੩), **ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ** (੧੯੦੧), **ਸੈਂਟਰਲ ਖਾਲਸਾ ਯਤੀਮਖਾਨਾ** (੧੯੦੪), **ਸਿੱਖ ਐਜੂਕੇਸ਼ਨ ਕਮੇਟੀ ਤੇ ਸੈਂਟਰਲ ਖਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ** (੧੯੦੮) **ਗੁਰਦੁਆਰਾ ਹੇਮਕੁੰਟ ਟ੍ਰਸਟ** (੧੯੨੬), **ਸੈਂਟਰਲ ਸੂਰਮਾ ਸਿੰਘ ਆਸ਼ਰਮ** (੧੯੩੫), **ਫਰੀ ਹੋਮਿਓਪੈਥਿਕ ਹਸਪਤਾਲ** (੧੯੪੩) ਆਦਿ ਪੰਥਕ ਸੰਸਥਾਵਾਂ ਖਾਲਸਾ ਕਾਲਜ ਨੂੰ ਅੰਮ੍ਰਿਤਸਰ ਪੰਥਕ ਪ੍ਰਬੰਧ ਵਿੱਚ ਲਿਆਉਣ ਤੇ **ਪੰਜਾਬ ਐਂਡ ਸਿੰਧ ਬੈਂਕ** ਅਰੰਭ ਕਰਨ ਵਿੱਚ ਪ੍ਰਮੁੱਖ ਹੱਥ ਭਾਈ ਸਾਹਿਬ ਦਾ ਹੀ ਸੀ।

ਆਪ ਜੀ ਦੀ ਕਲਮੀ ਸੇਵਾ ਅਥਵਾ ਸਾਹਿਤਕ ਕਿਰਤਾਂ ਨੂੰ ਪੰਜਾਬੀਆਂ ਅਤੇ ਪੰਜਾਬੀ-ਪ੍ਰੇਮੀਆਂ ਨੇ ਭਰਪੂਰ ਹੁੰਗਾਰਾ ਦਿੱਤਾ। ਬਹੁਤ ਸਾਰੀਆਂ ਲਿਖਤਾਂ ਦਾ ਹਿੰਦੀ ਤੇ ਅੰਗਰੇਜ਼ੀ ਚ ਉਲੱਥਾ ਹੋਇਆ। ਲਹਿਰਾਂ ਦੇ ਹਾਰ ਤੇ ਕੁਝ ਹੋਰ ਕਵਿਤਾਵਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਪ੍ਰਸਿੱਧ ਦਾਰਸ਼ਨਿਕ ਕਵੀ ਪ੍ਰੋ: ਪੂਰਨ ਸਿੰਘ ਨੇ ਕੀਤਾ। ਮੇਰੇ ਸਾਈਆਂ ਜੀਓ ਨੂੰ ਸਾਹਿਤ ਅਕਾਦਮੀ ਦਾ ਸਨਮਾਨ ਪ੍ਰਾਪਤ ਹੋਇਆ। ੧੯੪੯ ਈ: ਵਿੱਚ ਪੰਜਾਬੀ ਯੂਨੀ. ਵਲੋਂ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਦੇ ਸਤਿਕਾਰ ਵਜੋਂ '**ਡਾਕਟਰ ਆਫ਼ ਓਰੀਐਂਟਲ ਲਿਟਰੇਚਰ**' ਦੀ ਡਿਗਰੀ ਪ੍ਰਦਾਨ ਕੀਤੀ ਗਈ। ੧੯੫੨ ਈ. ਵਿੱਚ ਬੰਬਈ ਵਿੱਚ ਹੋਈ ਸਰਬ ਹਿੰਦ ਸਿੱਖ ਵਿਦਿਅਕ ਕਾਨਫਰੰਸ ਸਮੇਂ ਇਨ੍ਹਾਂ ਨੂੰ '**ਅਭਿਨੰਦਨ ਗ੍ਰੰਥ**' ਭੇਟ ਕੀਤਾ ਗਿਆ। ਏਸੇ ਹੀ ਸਾਲ ਇਨ੍ਹਾਂ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਸਰਕਾਰੀ ਤੌਰ ਤੇ ਮੈਂਬਰ ਨਾਮਜ਼ਦ ਕੀਤਾ ਗਿਆ। ੧੯੫੬ ਈ. ਵਿੱਚ ਗਣਰਾਜ ਦਿਵਸ 'ਤੇ ਭਾਰਤ ਸਰਕਾਰ ਵੱਲੋਂ ਭਾਈ ਵੀਰ ਸਿੰਘ ਜੀ ਨੂੰ "**ਪਦਮ ਭੂਸ਼ਨ**" ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਜੂਨ, ੧੯੫੭ ਈ. ਦੇ ਪਹਿਲੇ ਹਫਤੇ ਭਾਈ ਸਾਹਿਬ ਨੂੰ ਬੁਖਾਰ ਹੋ ਗਿਆ, ਜੋ ਲਗਾਤਾਰ ਜਾਰੀ ਰਿਹਾ ਤੇ ਓੜਕ ਜਾਨ-ਲੇਵਾ ਸਾਬਤ ਹੋਇਆ। ਸਿਹਤ ਦਿਨੋਂ-ਦਿਨ ਕਮਜ਼ੋਰ ਹੁੰਦੀ ਗਈ ਪਰ ਆਲਸ-ਸੁਸਤੀ ਜੀਵਨ ਭਰ ਇਨ੍ਹਾਂ ਦੇ ਨੇੜੇ ਨਹੀਂ ਸੀ ਲੱਗੇ। ਡਾਕਟਰਾਂ, ਮਿੱਤਰਾਂ, ਸੱਜਣਾਂ, ਸਨੇਹੀਆਂ ਨੇ ਆਪ ਨੂੰ ਮੁਕੰਮਲ ਅਰਾਮ ਕਰਨ ਦੀ ਸਲਾਹ ਦਿੱਤੀ ਪਰ ਜਿਹੜੇ ਲੋਕਾਂ ਨੂੰ "ਇਹ" ਉਪਦੇਸ਼ ਕਰਦੇ ਹੋਣ ਉਹ ਆਪ ਕਿਵੇਂ ਅਰਾਮ ਕਰ ਸਕਦੇ ਹਨ।

**ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਅਰਾਮ ਨਹੀਂ ਬਹਿੰਦੇ।**

**ਨਿਹੁੰ ਵਾਲੇ ਨੈਣਾਂ ਕੀ ਨੀਂਦਰ ? ਉਹ ਦਿਨੇ ਰਾਤ ਪਏ ਵਹਿੰਦੇ।**

ਅੰਤ ੧੦ ਜੂਨ ੧੯੫੭ ਈ. ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ, ਕਾਦਰ ਦੀ ਕੁਦਰਤ ਦਾ ਪ੍ਰੀਤਵਾਨ ਇਹ ਕਵੀ ਸਭ ਨੂੰ ਸਦਾ ਲਈ ਅਲਵਿਦਾ ਕਹਿ ਗਿਆ ਪਰ ਆਪਣੀਆਂ ਸਾਹਿਤਕ ਕਿਰਤਾਂ ਸਦਕਾ ਹਮੇਸ਼ਾਂ-ਹਮੇਸ਼ਾਂ ਲਈ ਅਮਰ ਹੋ ਗਿਆ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਚੁੰਬਕੀ ਸ਼ਕਤੀ ਰੱਖਦੀ ਸੀ। ਉਨ੍ਹਾਂ ਲਈ ਕੋਈ ਮੇਰ-ਤੇਰ ਨਹੀਂ ਸੀ, ਜਿਸ ਨੂੰ ਵੀ ਉਹ ਮਿਲੇ, ਉਸ ਨੂੰ ਹੀ ਆਪਣਾ ਬਣਾ ਲਿਆ। ਕੌਮੀ ਜਾਗ੍ਰਤੀ ਲਿਆਉਣ, ਮਾਂ ਬੋਲੀ ਨੂੰ ਸਤਿਕਾਰ ਦਿਵਾਉਣ ਤੇ ਧਰਮ ਪ੍ਰਚਾਰ-ਪ੍ਰਸਾਰ ਹਿਤ ਜੋ ਹਿੱਸਾ ਭਾਈ ਸਾਹਿਬ ਨੇ ਪਾਇਆ ਉਹ ਇਕ ਲੇਖ ਵਿੱਚ ਲਿਖ ਸਕਣਾ ਅਸੰਭਵ ਹੈ। ਬਹੁਤ ਸਾਰੇ ਵਿਅਕਤੀ ਉਨ੍ਹਾਂ ਦੇ ਜੀਵਨ ਤੇ ਰਹਿਣੀ-ਬਹਿਣੀ ਤੋਂ ਪ੍ਰਭਾਵਿਤ ਹੋ '**ਨਾਨਕ ਨਿਰਮਲ ਪੰਥ**' ਦੇ ਪਾਂਧੀ ਬਣੇ। ਭਾਈ ਵੀਰ ਸਿੰਘ ਦੀ "ਸ਼ਖਸੀਅਤ" ਅਤੇ 'ਸਾਹਿਤ' ਤੋਂ ਪ੍ਰਭਾਵਿਤ ਦੋ 'ਸ਼ਖ਼ਸੀਅਤਾਂ' ਦੀ ਉਦਾਹਰਣ ਨਾਲ ਇਸ ਲੇਖ ਨੂੰ ਅਸੀਂ ਪੂਰਾ ਕਰਦੇ ਹਾਂ :

ਪਹਿਲੀ ਸ਼ਖ਼ਸੀਅਤ ਹਨ, ਮਾਸਟਰ ਤਾਰਾ ਸਿੰਘ ਜੋ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਜੋਂ ਸਿੱਖ ਕੌਮ ਦੀ ਲੱਗਭੱਗ ੪੦ ਸਾਲ ਅਗਵਾਈ ਕਰਦੇ ਰਹੇ ਜੋ ਪਹਿਲਾ ਸਿੱਖੀ ਸਰੂਪ ਵਿੱਚ ਨਹੀਂ ਸਨ। ਜਦ ਉਨ੍ਹਾਂ ਭਾਈ ਵੀਰ ਸਿੰਘ ਦੀ ਪਹਿਲੀ ਗਲਪ ਰਚਨਾ "ਸੁੰਦਰੀ" ਪੜ੍ਹੀ ਤਾਂ ਉਹ ਏਨੇ ਪ੍ਰਭਾਵਿਤ ਹੋਏ ਕਿ ਸਿੱਖੀ ਸਰੂਪ ਧਾਰਣ ਕਰ ਲਿਆ।

ਦੂਸਰੀ ਉਦਾਹਰਣ ਪ੍ਰਸਿੱਧ ਦਾਰਸ਼ਨਿਕ, ਲੇਖਕ, ਕਵੀ ਪ੍ਰੋ. ਪੂਰਨ ਸਿੰਘ ਦੀ ਹੈ। ਪ੍ਰੋ. ਪੂਰਨ ਸਿੰਘ ਉੱਚ ਵਿਦਿਆ ਦੀ ਪ੍ਰਾਪਤੀ ਹਿਤ ਜਪਾਨ ਗਏ ਜਿਥੇ ਆਪਣੇ ਅਮੋਲ ਵਿਰਸੇ "ਸਿੱਖੀ" ਤੋਂ ਵੀ ਦੂਰ ਹੋ ਸੰਨਿਆਸ ਧਾਰਣ ਕਰ ਲਿਆ। ਦੇਸ਼ ਪਰਤਣ ਤੇ ਭਾਈ ਵੀਰ ਸਿੰਘ ਦੀ ਸੰਗਤ ਦਾ ਹੀ ਚਮਤਕਾਰ ਸੀ ਕਿ ਫਿਰ ਗੁਰਸਿੱਖ ਸਜ ਗਏ।

ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਤੇ ਸਾਹਿਤਕ ਪ੍ਰਤਿਭਾ ਨੂੰ ਡਾ: ਰਤਨ ਸਿੰਘ ਜੱਗੀ ਨੇ ਵੀਹਵੀਂ ਸਦੀ ਦਾ ਭਾਈ ਗੁਰਦਾਸ ਕਿਹਾ ਹੈ। ਭਾਵੇਂ ਕਿ ਇਹ ਮੁਕਾਬਲਾ ਕਰਨਾ ਠੀਕ ਨਹੀਂ ਪਰ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਤੋਂ ਪਿਛੋਂ ਭਾਈ ਵੀਰ ਸਿੰਘ ਦਾ ਹੀ ਨਾਮ ਆਉਂਦਾ ਹੈ।

**ਧੰਨਵਾਦਿ ਸਾਹਿਤ ਵਿਚੋਂ :- ਪ੍ਰਮੁੱਖ ਸਿੱਖ ਸ਼ਖ਼ਸੀਅਤਾਂ**

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਵੈਸਾਖ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 13-4-2017 ਦਿਨ ਵੀਰਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ'**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ ।।**'ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਅਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕੀਰਤਨ ਰਾਹੀ ਭਾਈ ਹਰਵੀਰ ਸਿੰਘ ਨੇ ਕਥਾ ਰਾਹੀਂ ਸੇਵਾ ਨਿਭਾਈ। ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਮਈ 2017 ਮਹੀਨੇ ਦੇ ਸਮਾਗਮ :-

## ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-05-2017 ਦਿਨ ਐਤਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ " **ਹਰਿ ਜੇਠਿ ਜੁੜੰਦਾ**

ਲੋੜੀਐ ਜਿਸੁ ਅਗੈ ਸਭ ਨਿਵੰਨਿ"॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

**ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਸ਼ਹੀਦੀ ਪੁਰਬ :**-ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਅਰੰਭ ਕੀਤੀ ਗਈ ਹੈ ਹਰ ਰੌਜ ਸਵੇਰੇ 10.00 ਵਜੇ ਤੋਂ 1200 ਵਜੇ ਤੱਕ ਬੀਬੀਆ ਦੁਆਰਾ ਪਾਠ ਕੀਤੇ ਜਾਦੇ ਹਨ।ਇਸ ਲੜੀ ਦੀ ਸਮਾਪਤੀ 29-05-2017 (ਬੁੱਧਵਾਰ) ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਰਾਹੀ ਹੋਵੇਗੀ ।

**ਗੁਰਮਤਿ ਸਮਰ ਕੈਂਪ :**-ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਬੱਚਿਆਂ ਨੂੰ ਗੁਰਮਤਿ ਨਾਲ ਜੋੜਣ ਲਈ ਗੁਰਮਤਿ ਕਲਾਸਾ ਮਿਤੀ ੧ ਜੂਨ ਤੋਂ ੨੪ ਜੂਨ 2017 ਤੱਕ ਹਰ ਰੋਜ ਸਵੇਰੇ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ ਮੁੰਡੀ ਖਰੜ ਸਵੇਰੇ ੭.੩੦ ਤੋਂ ੯.੩੦ ਵਜੇ ਤੱਕ ਲਗਾਈਆਂ ਜਾਣਗੀਆਂ । 25 ਤਰੀਕ ਸ਼ਾਮ ੫ ਵਜੇ ਤੋਂ ੯.੦੦ ਵਜੇ ਤੱਕ ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ ਪ੍ਰੋਗਰਾਮ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

## ਧੰਨਵਾਦਿ :

## ਅਪ੍ਰੈਲ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | Bibi Harsharan Kaur Sethi #1440/ Sec.- 34C | 500/- |
| 2. | Gursewak Singh , Taran Taran | 500/- |
| 3. | S. Bhopinder Singh Wachhain #238/1/Sector- 45A/Chd | 60,000/- |
| 4. | S. Dhanwant Singh #447/Phase -4/Mohali | 500/- |
| 5. | Bibi Surjit Kaur #1444/Sec. 34C/Chd | 2,000/- |
| 6. | S. Narinder Bir Singh #1444/Sec. 34C/Chd | 2,500/- |
| 7. | Bibi Tejinder Pal Kaur #2117/Sector-69 | 15,000/- |
| 8. | Bibi Kulwant Kaur #1660/Sector- 34D/Chd | 500/- |
| 9. | Col. H.S Uppal #306/Sec. 33A/Chd | 40,000/- |
| 10. | Shri Bhagwan Daas Ji/Mundi Kharar | 500/- |
| 11. | Jamel Singh/Pind Ramgarh/Distt. Samraala | 1,000/- |
| 12. | S. Satnam Singh/ Mundi Kharar | 100/- |
| 13. | S. Darshan Singh/ Mundi Kharar | 100/- |
| 14. | S. Damanveer Singh/ Mundi Kharar | 200/- |
| 15. | S. Jagjit Singh/ Mundi Kharar | 200/- |
| 16. | S. Gurpreet Singh/ Mundi Kharar | 200/- |
| 17. | S. Punit Singh/ Mundi Kharar | 100/- |
| 18. | S. Dilbagh Singh/ Satkar Properties Mundi Kharar | 500/- |
| 19. | S. Guntaj Singh/Mundi Kharar | 200/- |
| 20. | Bibi Avalpreet Kaur / Mundi Kharar | 100/- |
| 21. | S. Amarjeet Singh/ Mundi Kharar | 100/- |
| 22. | S. Harjinder Singh/ Mundi Kharar | 600/- |
| 23. | Neelam Grover/ Mundi Kharar | 100/- |
| 24. | S. Harsharnpal Singh Bhatia #461/Sec. 44A | 1,000/- |
| 25. | Bibi Harpreet Kaur #461/Sec 44A/Chd | 1,000/- |
| 26. | Bibi. Harleen Kaur Sarna #107G, Shivalik Vihar Naya Goan, Mohali | 500/- |
| 27. | Bibi Rajleen Kaur #836/Phase II/Mohali | 500/- |
| 28. | Dr. J.S. Negi/Phase-7/Mohali | 100/- |
| 29. | Bibi Gurdip Kaur #461/Sec 44A/Chd | 1,000/- |
| 30. | All Indian Sikh Federation(Regd.) D-9(G.F.) Green Park Main New Delhi | 11,000/- |
| 31. | Col. Ranjit Singh (H.U.F.) #207/Sec. 33A/Chd | 1,000/- |
| 32. | Col. Ranjit Singh #207/Sec. 33A/Chd | 10,000/- |
| 33. | Mrs. Lamba #1296/Sector- 33C/Chd | 1,000/- |
| 34. | Bibi Manjit Kaur Bindra #1655/Sec.34D/Chd | 500/- |
| 35. | S. Manmohan Singh/U.S.A. | 12,762/- |
| 36. | S. D.P Singh #393/Phase 9/Mohali | 1,200/- |

# ਰਾਗ ਬਸੰਤ (ਬਿਲਾਵਲ ਅੰਗ )

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ ਬਸੰਤ ਥਾਟ ਬਿਲਾਵਲ ਸੁਰ ਸਾਰੇ ਸ਼ੁਧ
ਵਰਜਿਤ ਸੁਰ ਆਰੋਹ ਵਿੱਚ ਰਿਸ਼ਭ ਅਤੇ ਪੰਚਮ ਜਾਤੀ ਔੜਵ-ਸੰਪੂਰਨ
ਵਾਦੀ-ਸ਼ੜਜ ਤਾਰ ਸਪਤਕ ਸੰਵਾਦੀ ਮਧਿਅਮ
ਸਮਾਂ- ਦਿਨ ਦਾ ਦੂਜਾ ਪਹਿਰ, ਬਸੰਤ ਰੁਤ ਵਿੱਚ ਹਰ ਸਮੇਂ।
ਆਰੋਹ - ਸ ਗ ਮ,ਧ ਨੀ ਸਂ ।
ਅਵਰੋਹ-ਸਂ ਨੀ ਧ ਪ ਮ, ਗ ਰੇ ਸ ।
ਪਕੜ - ਗ ਮ ਧ ਨੀ ਸਂ, ਸਂ ਨੀ ਧ ਨੀ ਧ ਪ ਮ ਗ ਰੇ ਸ ।

## ਰਾਗ ਬਸੰਤ ਚਾਰ ਤਾਲ ਵਿਲੰਬਿਤ

| ਤਾਲ<br>ਚਿੰਨ੍ਹ | 1<br>X | 2 | 3<br>0 | 4 | 5<br>2 | 6 | 7<br>0 | 8 | 9<br>3 | 10 | 11<br>4 | 12 |
|---|---|---|---|---|---|---|---|---|---|---|---|---|
| ਸਥਾਈ | ਸਂਸਂ<br>ਹਉ | ਧਨੀ<br>ਕਛੂ | ਸਂ<br>ਨ | ਨੀਧ<br>ਜਾS | ਪ<br>ਨਾ | ਮ<br>S | ਧ<br>ਤੇ | ਪ<br>ਰੀ | ਮ<br>ਸਾ | ਗ<br>S | ਰੇ<br>ਰ | ਸ<br>S |
| | ਸ<br>ਤੂ | ਗਗ<br>ਕਰਿ | ਮ<br>ਗ | ਧਪ<br>ਤਿS | ਮ<br>ਮੇ | ਮ<br>ਰੀ | ਧਨੀ<br>ਪ੍ਰS | ਸਂਨੀ<br>ਭS | ਧਪ<br>ਦਇ | ਮ<br>ਆ | ਗਰੇ<br>ਰS | ਸ<br>S |
| ਅੰਤਰਾ | ਮ<br>ਤੁ | ਗ<br>ਮ | ਮ<br>ਬ | ਧ<br>ਡ | ਨੀ<br>ਦਾ | ਧਨੀ<br>ਤੇS | ਸਂ<br>ਦੇ | ਰੇਂ<br>S | ਸਂ<br>ਰ | ਧ<br>S | ਨੀ<br>ਹੇ | ਸ਼<br>S |
| | ਗਂਮਂ<br>ਜੀਅ | ਗਂ<br>S | ਰੇਂ<br>ਪ੍ਰਾ | ਸਂਨੀ<br>ਣS | ਧਨੀ<br>ਮS | ਸਂ<br>ਹਿ | ਧਨੀ<br>ਰS | ਧਪ<br>ਵਿS | ਮ<br>ਰ | ਗ<br>S | ਰੇ<br>ਹੇ | ਸ<br>S |
| ਲੈਅ ਕਾਰੀਆਂ<br>1 | ਸਂਸਂ<br>ਹਉ | ਧਨੀ<br>ਕਛੂ | ਸਂ<br>ਨ | ਨੀਧ<br>ਜਾS | ਪ<br>ਨਾ | ਮ<br>S | ਧਪ<br>ਤੇਰੀ | ਮਗ<br>ਸਾS | ਰੇਸ<br>ਰS | ਧਪ<br>ਤੇਰੀ | ਮਗ<br>ਸਾS | ਰੇਸ<br>ਰS |
| 2 | ਸਂਸਂਧਨੀ<br>ਹਉਕਛੂਨSਜਾS | ਸਂ-ਨੀਧ | ਪ-ਮ-<br>ਨਾSSS | ਧ-ਪ-<br>ਤੇSਰੀS | ਮ-ਗ-<br>ਸਾSSS | ਰੇ-ਸ-<br>ਰSSS | ਧ-ਪ-<br>ਤੇSਰੀS | ਮ-ਗ-<br>ਸਾSSS | ਰੇ-ਸ-<br>ਰSSS | ਮਗਰੇਸ<br>ਸਾSਰS | ਮਗਰੇਸ<br>ਸਾSਰS | ਮਗਰੇਸ<br>ਸਾSਰS |

ਪੰਨਾ ੧੧੯੧ ॥ ਬਸੰਤੁ ਮਹਲਾ ੫ ॥ ਤੁਮ ਬਡ ਦਾਤੇ ਦੇ ਰਹੇ ॥ ਜੀਅ ਪ੍ਰਾਣ ਮਹਿ ਰਵਿ ਰਹੇ ॥ ਦੀਨੇ ਸਗਲੇ ਭੋਜਨ ਖਾਨ ॥ ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥ ਹਉ ਕਛੂ ਨ ਜਾਨਉ ਤੇਰੀ ਸਾਰ ॥ ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ ਰਹਾਉ ॥ ਜਾਪ ਨ ਤਾਪ ਨ ਕਰਮ ਕੀਤਿ ॥ ਆਵੈ ਨਾਹੀ ਕਛੂ ਰੀਤਿ ॥ ਮਨ ਮਹਿ ਰਾਖਉ ਆਸ ਏਕ ॥ ਨਾਮ ਤੇਰੇ ਕੀ ਤਰਉ ਟੇਕ ॥੨॥ ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥ ਅੰਤੁ ਨ ਪਾਵਹਿ ਜਲਹਿ ਮੀਨ ॥ ਅਗਮ ਅਗਮ ਊਚਹ ਤੇ ਊਚ ॥ ਹਮ ਥੋਰੇ ਤੁਮ ਬਹੁਤ ਮੂਚ ॥੩॥ ਜਿਨ ਤੂ ਧਿਆਇਆ ਸੇ ਗਨੀ ॥ ਜਿਨ ਤੂ ਪਾਇਆ ਸੇ ਧਨੀ ॥ ਜਿਨਿ ਤੂ ਸੇਵਿਆ ਸੁਖੀ ਸੇ ॥ ਸੰਤ ਸਰਣਿ ਨਾਨਕ ਪਰੇ ॥੪॥੨॥

ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ

## ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ

# ਗੁਰਮਤਿ ਕਲਾਸਾਂ

**ਮਿਤੀ**
1 ਜੂਨ 2017 (ਵੀਰਵਾਰ) ਤੋਂ
24 ਜੂਨ 2017 (ਸ਼ਨੀਵਾਰ)

**ਸਥਾਨ**
ਗੁਰਮਤਿ ਪ੍ਰਸਾਰ ਭਵਨ
ਛੱਜੂ ਮਾਜਰਾ ਰੋਡ, ਮੁੰਡੀ ਖਰੜ

**ਸਮਾਂ**
ਰੋਜ਼ਾਨਾ ਸਵੇਰੇ 7.30 ਵਜੇ
ਤੋਂ 9.30 ਵਜੇ ਤੱਕ

❖ ਗੁਰਬਾਣੀ ਕੀਰਤਨ ❖ ਗੁਰ ਇਤਿਹਾਸ ❖ ਕਵਿਤਾ
❖ ਦਸਤਾਰ, ਸਿਖਲਾਈ ❖ ਦੁਮਾਲਾ ਸਜਾਉਣਾ ❖ ਗੱਤਕਾ

ਗੱਤਕੇ ਦੀ ਕਲਾਸ ਹਰ ਰੋਜ ਸ਼ਾਮ 7.00 ਤੋਂ 8.00 ਲੱਗੇਗੀ

1. ਪਹਿਲਾ ਗਰੁੱਪ 5 - 8 ਸਾਲ ਦੇ ਬੱਚੇ
2. ਦੂਜਾ ਗਰੁੱਪ 9 - 16 ਸਾਲ ਦੇ ਬੱਚੇ
3. ਤੀਜਾ ਗਰੁੱਪ 17 - 25 ਸਾਲ ਦੇ ਬੱਚੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ, ਅਰਦਾਸ, ਹੁਕਮਨਾਮਾ, ਸੁਖਆਸਨ ਦੀ ਸੇਵਾ ਦੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾਵੇਗੀ ਅਤੇ ਬੱਚਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀ ਲਗਾਇਆ ਜਾਵੇਗਾ।

ਨੋਟ:- ਗੁਰਮਤਿ ਪ੍ਰਸਾਰ ਭਵਨ ਤੋਂ ਫਾਰਮ ਲੈ ਕੇ ਆਪਣਿਆਂ ਬੱਚਿਆਂ ਲਈ ਰਜਿਸਟ੍ਰੇਸ਼ਨ ਕਰਵਾਓ ਜੀ।

**ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ 25 ਜੂਨ ਤੱਕ ਨੂੰ ਸ਼ਾਮ 5 ਤੋ 9 ਵਜੇ ਤੱਕ ਪ੍ਰੋਗਰਾਮ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।**

ਗਤਕੇ ਦੇ ਜੋਹਰ 8 ਵਜੇ ਤੋਂ 9 ਵਜੇ ਤੱਕ ਦਿਖਾਏ ਜਾਣਗੇ।

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ: ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਪ੍ਰੈਲ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 59 | 126 | 185 |
| 2 | Eye | 21 | 29 | 50 |
| 3 | Cardiology | 07 | 43 | 50 |
| 4 | Dental | 22 | 83 | 105 |
| 5 | Gynaecology | 10 | 38 | 48 |
| 6 | Homoeopathy | 25 | 252 | 277 |
| 7 | Physiotherapy | 09 | 57 | 66 |
| | Total | 153 | 628 | 781 |
| | Laboratory | 55 | - | 55 |

# ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ

ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ (ਜ਼ਿਲ੍ਹਾ ਮੁਹਾਲੀ)

ਫੋਨ: 94171-90438, 98761-77803

## ਦਾਖਲਾ ਸੂਚਨਾ

### (2ਸਾਲਾ) ਗੁਰਮਤਿ ਪ੍ਰਚਾਰਕ ਕੋਰਸ

ਯੋਗਤਾ : 10 ਪਾਸ ਉਮਰ :15 ਤੋਂ 20 ਸਾਲ

**ਕੋਰਸ ਦੌਰਾਨ ਸਹੂਲਤਾਂ**

ਕੋਰਸ + 10+2 ਦੀ ਪੜਾਈ ਫਰੀ

ਇੰਟਰਵਿਊ : 06-05-2017 (ਸ਼ਨਿਚਰਵਾਰ) 9.00 ਵਜੇ ਸਵੇਰੇ

### (3 ਸਾਲਾ) ਗੁਰਮਤਿ ਪ੍ਰਚਾਰਕ / ਸੰਗੀਤ ਕੋਰਸ

ਯੋਗਤਾ : 10+2 ਪਾਸ ਉਮਰ :17 ਤੋਂ 25 ਸਾਲ

**ਕੋਰਸ ਦੌਰਾਨ ਸਹੂਲਤਾਂ**

ਕੋਰਸ + B.A ਦੀ ਪੜਾਈ ਫਰੀ

ਇੰਟਰਵਿਊ : 08-07-2017 (ਸ਼ਨਿਚਰਵਾਰ) 9.00 ਵਜੇ ਸਵੇਰੇ (ਰਜਿਸਟ੍ਰੇਸ਼ਨ ਸ਼ੁਰੂ)

**ਕੋਰਸ ਦੌਰਾਨ ਖਾਣ ਪੀਣ, ਰਿਹਾਇਸ਼ ਅਤੇ ਵਰਦੀਆਂ ਫਰੀ**

ਕੋਰਸ ਸੰਪੂਰਨਤਾ ਤੇ ਯੋਗ ਵਿਦਿਆਰਥੀਆਂ ਨੂੰ ਸੋਸਾਇਟੀ ਦੇਸ਼ ਤੇ ਵਿਦੇਸ਼ਾਂ ਵਿੱਚ ਨੌਕਰੀ ਲਗਵਾਉਣ ਵਿੱਚ ਯਤਨਸ਼ੀਲ ਹੋਵੇਗੀ।

ਇੰਟਰਵਿਊ ਤੇ ਆਉਣ ਸਮੇਂ ਵਿਦਿਆਰਥੀ ਆਪਣੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣ।

**ਪ੍ਰਾਸਪੈਕਟਸ ਇਨਸਟੀਚਿਊਟ ਤੋਂ ਪ੍ਰਾਪਤ ਕਰੋ ਜਾ web site www.gurmatparsar.com ਤੋਂ Download ਕਰੋ ।**

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।